EDUCATING LITERATES
LALLY
Infosys
Since 1997
Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ ਅਮਨਦੀਪ ਮਹਿਰਾ

ਸੋਮਵਾਰ 06 ਮਈ 2024

ਇਸ ਵਾਰ ਗਰਮੀ ਦੀਆਂ ਛੁੱਟੀਆਂ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2700 ਵੀਜ਼ਾ
1 ਜਨਵਰੀ 2024 ਤੋਂ 2 ਮਈ 2024 ਤੱਕ ਲੱਗੇ
easyvisa
8194 828282

R.N.I.Punpun/29016/2008 * ਸਾਲ 15 * ਅੰਕ : 342 * ਮੁੱਲ ; 5.00 ਰੁਪਏ * ਕੁੱਲ ਪੇਜ਼ 10 * ਦਫਤਰ : 0181-2211009 * : M 99155-94111

ਇਸ ਵਾਰ ਗਰਮੀ ਦੀਆਂ ਛੁੱਟੀਆਂ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2700 ਵੀਜ਼ਾ
1 ਜਨਵਰੀ 2024 ਤੋਂ 2 ਮਈ 2024 ਤੱਕ ਲੱਗੇ
easyvisa | 8194 828282

## 39 ਦੇ ਕਰੀਬ ਵਿਅਕਤੀਆਂ ਦੀ ਦੱਖਣੀ ਬ੍ਰਾਜ਼ੀਲਚ ਹੜ ਆਉਣ ਕਾਰਨ ਹੋਈ ਮੌਤ

ਸਾਓ ਪਾਊਲੋ, - ਬ੍ਰਾਜ਼ੀਲ ਦੇ ਰੀਓ ਗਰੈਂਡ ਡੋ ਸੁਲ ਸੂਬੇ ਵਿੱਚ ਭਾਰੀ ਬਾਰਿਸ਼ ਕਰ ਕੇ ਘੱਟੋ-ਘੱਟ 39 ਵਿਅਕਤੀਆਂ ਦੀ ਮੌਤ ਹੋ ਗਈ ਅਤੇ 68 ਹੋਰ ਵਿਅਕਤੀ ਲਾਪਤਾ ਹੋ ਗਏ। ਸੂਬੇ ਦੀ ਨਾਗਰਿਕ ਸੁਰੱਖਿਆ ਏਜੰਸੀ ਨੇ ਬੀਤੇ ਦਿਨ ਇਹ ਜਾਣਕਾਰੀ ਦਿੱਤੀ। ਬ੍ਰਾਜ਼ੀਲ ਵਿੱਚ ਆਏ ਹੜ੍ਹਾਂ ਕਾਰਨ ਕਈ ਸ਼ਹਿਰ ਤਬਾਹ ਹੋ ਗਏ ਅਤੇ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡ ਕੇ ਜਾਣ ਲਈ ਮਜਬੂਰ ਹਨ। ਇਹ ਇਕ ਸਾਲ ਵਿੱਚ ਚੌਥੀ ਅਜਿਹੀ ਕੁਦਰਤੀ ਆਫ਼ਤ ਹੈ। ਇਸ ਤੋਂ ਪਹਿਲਾਂ 2023 ਵਿੱਚ ਜੁਲਾਈ, ਸਤੰਬਰ ਅਤੇ ਨਵੰਬਰ ਵਿੱਚ ਵੀ ਹੜ੍ਹ ਆਏ ਸਨ ਜਿਨ੍ਹਾਂ ਵਿੱਚ ਕੁੱਲ 75 ਲੋਕ ਮਾਰੇ ਗਏ ਸਨ।

## ਪੰਜਾਬ ਵਿੱਚ ਵੱਡਾ ਰੇਲ ਹਾਦਸਾ ਹੋਣੋਂ ਟੱਲ ਗਿਆ



ਲੁਧਿਆਣਾ, ਸੁਖਚੈਨ ਮਹਿਰਾ --ਪੰਜਾਬ ਦੇ ਖੰਨਾ ਰੇਲਵੇ ਸਟੇਸ਼ਨ 'ਤੇ ਅੱਜ ਉਸ ਵੇਲੇ ਵੱਡਾ ਰੇਲ ਹਾਦਸਾ ਟਲ ਗਿਆ, ਜਦੋ ਪਟਨਾ ਤੋਂ ਜੰਮੂ ਤਵੀ ਜਾ ਰਹੀ 12355 ਅਰਚਨਾ ਐਕਸਪ੍ਰੈਸ ਦਾ ਇੰਜਣ ਖੰਨਾ ਸਟੇਸ਼ਨ ਤੋਂ ਕੁਝ ਦੂਰੀ 'ਤੇ ਡੱਬਿਆਂ ਤੋਂ ਅਲੱਗ ਹੋ ਗਿਆ। ਅਜਿਹਾ ਹੋਣ 'ਤੇ ਯਾਤਰੀ ਘਬਰਾ ਗਏ। ਇੰਜਣ ਖੰਨਾ ਤੋਂ ਕਰੀਬ 10 ਕਿਲੋਮੀਟਰ ਅੱਗੇ ਚਲਾ ਗਿਆ ਜਦੋਂਕਿ ਯਾਤਰੀਆਂ ਨਾਲ ਭਰੇ ਡੱਬੇ ਖੰਨਾ ਤੋਂ ਅੱਗੇ ਸਮਰਾਲਾ ਫਲਾਈਓਵਰ ਨੇੜੇ ਰੇਲਵੇ ਲਾਈਨਾਂ 'ਤੇ ਖੜ੍ਹੇ ਰਹੇ। ਜਦੋਂ ਯਾਤਰੀਆਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਅਲਾਰਮ ਤੁਰੰਤ ਰੇਲਵੇ ਵਿਭਾਗ ਨੂੰ ਸੂਚਿਤ ਕੀਤਾ। ਰੇਲਵੇ ਵਿਭਾਗ ਨੇ ਤੁਰੰਤ ਹਰਕਤ 'ਚ ਆਉਂਦਿਆਂ ਖੰਨਾ ਤੋਂ ਕਰੀਬ 10 ਕਿਲੋਮੀਟਰ ਦੂਰ ਨਿਊ ਖੰਨਾ ਰੇਲਵੇ ਸਟੇਸ਼ਨ 'ਤੇ ਇੰਜਣ ਰੁਕਵਾ ਦਿੱਤਾ।

## ਮਮਤਾ ਬੈਨਰਜੀ ਨੇ ਭਾਜਪਾ ਤੇ ਲਾਏ ਗੰਭੀਰ ਇਲਜ਼ਾਮ




ਕੋਲਕਾਤਾ, - ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਭਾਜਪਾ 'ਤੇ ਸੂਬੇ ਨੂੰ ਬਦਨਾਮ ਕਰਨ ਲਈ ਸੰਦੇਸ਼ਖਲੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦਾ ਦੋਸ਼ ਲਗਾਇਆ। ਸੰਦੇਸ਼ਖਲੀ ਵਿੱਚ ਤ੍ਰਿਣਮੂਲ ਕਾਂਗਰਸ ਦੇ ਆਗੂਆਂ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਦੋਸ਼ ਸਾਹਮਣੇ ਆਏ ਹਨ। ਤ੍ਰਿਣਮੂਲ ਕਾਂਗਰਸ ਨੇ ਸ਼ਨਿਚਰਵਾਰ ਨੂੰ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਜਾਰੀ ਕੀਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਇਹ ਉਸ ਦੇ ਰੁਖ਼ ਦੀ ਪੁਸ਼ਟੀ ਕਰਦਾ ਹੈ।

## ਪੰਜ ਲੜਕੀਆਂ ਨੂੰ ਇਕੋਂ ਸਮੇ ਦਿੱਤਾ ਔਰਤ ਨੇ ਜਨਮ

ਬਿਹਾਰ, ਲੋਕ ਬਾਣੀ -ਬਿਹਾਰ ਦੇ ਕਿਸ਼ਨਗੰਜ ਵਿੱਚ ਇੱਕ ਔਰਤ ਨੇ ਪੰਜ ਨਵਜੰਮੇ ਬੱਚਿਆਂ ਨੂੰ ਜਨਮ ਦਿੱਤਾ ਹੈ। ਕਿਸ਼ਨਗੰਜ ਜ਼ਿਲ੍ਹੇ ਦੇ ਠਾਕੁਰਗੰਜ ਬਲਾਕ ਦੇ ਜਲਮਿਲਿਕ ਪਿੰਡ ਦੀ ਇੱਕ ਔਰਤ ਨੇ ਇੱਕੋ ਸਮੇਂ ਪੰਜ ਲੜਕੀਆਂ ਨੂੰ ਜਨਮ ਦਿੱਤਾ ਹੈ। ਜੇਕਰ ਕੋਈ ਇਸ ਨੂੰ ਰੱਬ ਦਾ ਚਮਤਕਾਰ ਮੰਨ ਰਿਹਾ ਹੈ ਤਾਂ ਉਹ ਇਸ ਦੇ ਪਿੱਛੇ ਵਿਗਿਆਨਕ ਕਾਰਨ ਦੱਸ ਰਿਹਾ ਹੈ।

ਇਕੋ ਸਮੇਂ ਪੰਜ ਲੜਕੀਆਂ ਨੂੰ ਜਨਮ ਦੇਣ ਵਾਲੇ ਮਾਮਲੇ ਦੀ ਚਰਚਾ ਪੂਰੇ ਇਲਾਕੇ ਵਿੱਚ ਹੈ ਤੇ ਲੋਕ ਇੰਨਾ ਲੜਕੀਆਂ ਨੂੰ ਚਮਤਕਾਰ ਮੰਨ ਰਹੇ ਹਨ

## ਜੰਮੂ ਕਸ਼ਮੀਰ ਵਿਚ ਅੱਤਵਾਦੀਆਂ ਦੀ ਮਦਦ ਕਰਨ ਵਾਲੇ ਦੋ ਵਿਅਕਤੀ ਕਾਬੂ



ਜੰਮੂ - ਕਸ਼ਮੀਰ, 5 ਮਈ-ਸ਼ੋਪੀਆਂ ਪੁਲਿਸ ਨੇ 34 ਆਰ.ਆਰ. ਅਤੇ 178 ਬੀ. ਐਨ. ਸੀ.ਆਰ. ਪੀ.ਐਫ. ਨਾਲ ਅਲੂਰਾ ਇਮਾਮ ਸਾਹਿਬ ਵਿਖੇ 2 ਅੱਤਵਾਦੀ ਸਹਿਯੋਗੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਇਕ ਪਿਸਤੌਲ, ਇਕ ਮੈਗਜ਼ੀਨ, 8 ਰੌਂਦ ਅਤੇ 2 ਚੀਨੀ ਹੈਂਡ ਗ੍ਰਨੇਡ ਬਰਾਮਦ ਕੀਤੇ ਹਨ।

## ਪੰਜਾਬ ਦੇ ਸਾਰੇ ਸਰਕਾਰੀ ਸਕੂਲ ਕਾਲਜ ਤੇ ਦਫ਼ਤਰ ਰਹਿਣਗੇ 10 ਨੂੰ ਬੰਦ

ਜਲੰਧਰ, ਹਰਬੰਸ ਬਿੱਟੂ --10 ਮਈ ਦਿਨ ਸ਼ੁੱਕਰਵਾਰ ਨੂੰ ਪੰਜਾਬ ਭਰ 'ਚ ਸਰਕਾਰੀ ਛੁੱਟੀ ਹੈ। ਇਸ ਦਿਨ ਸਾਰੇ ਸਕੂਲ, ਕਾਲਜ, ਸਰਕਾਰੀ ਦਫ਼ਤਰ ਤੇ ਹੋਰ ਵਪਾਰਕ ਇਕਾਈਆਂ 'ਚ ਛੁੱਟੀ ਰਹੇਗੀ। 10 ਮਈ ਨੂੰ ਭਗਵਾਨ ਪਰਸ਼ੂ ਰਾਮ ਜੈਅੰਤੀ ਹੈ ਜਿਸ ਕਾਰਨ ਪੰਜਾਬ ਸਰਕਾਰ ਵੱਲੋਂ ਇਸ ਦਿਨ ਦੀ ਸਰਕਾਰੀ ਛੁੱਟੀ ਐਲਾਨੀ ਗਈ ਹੈ। ਇਸ ਤੋਂ ਪਹਿਲਾਂ 1 ਮਈ ਨੂੰ ਮਜ਼ਦੂਰ ਦਿਹਾੜੇ ਕਾਰਨ ਸੂਬੇ ਭਰ 'ਚ ਸਰਕਾਰੀ ਛੁੱਟੀ ਰਹੀ ਸੀ।

## ਦੇਸ਼ ਦੇ ਚੋਣ ਕਮਿਸ਼ਨ ਦੀ ਵੱਡੀ ਕਾਰਵਾਈ ਆਂਧਰਾ ਦਾ ਪੁਲਿਸ ਮੁੱਖੀ ਬਦਲੀਆਂ

ਨਵੀਂ ਦਿੱਲੀ, -ਭਾਰਤ ਦੇ ਚੋਣ ਕਮਿਸ਼ਨ ਨੇ ਤੁਰੰਤ ਪ੍ਰਭਾਵ ਨਾਲ ਆਂਧਰਾ ਪ੍ਰਦੇਸ਼ ਦੇ ਡੀ.ਜੀ.ਪੀ. ਕੇ.ਵੀ. ਰਾਜੇਂਦਰਨਾਥ ਰੈੱਡੀ ਦੇ ਤਬਾਦਲੇ ਦੇ ਹੁਕਮ ਦਿੱਤੇ ਹਨ। ਰਾਜ ਸਰਕਾਰ ਨੂੰ ਮੌਜੂਦਾ ਅਹੁਦੇ ਲਈ 6 ਮਈ, 2024 ਤੱਕ ਤਿੰਨ ਡੀ.ਜੀ. ਰੈਂਕ ਦੇ ਯੋਗ ਆਈ.ਪੀ.ਐਸ. ਅਧਿਕਾਰੀਆਂ ਦਾ ਪੈਨਲ ਜਮ੍ਹਾ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕਾਂਗਰਸ ਵੱਲੋਂ 40 ਸਟਾਰ ਪ੍ਰਚਾਰਕਾਂ ਦੀ ਲਿਸਟ ਜਾਰੀ

ਨਵੀਂ ਦਿੱਲੀ- ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਕਾਂਗਰਸ ਪਾਰਟੀ ਵੀ ਸਰਗਰਮ ਹੋ ਗਈ ਹੈ। ਕਾਂਗਰਸ ਨੇ ਸੂਬੇ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ 'ਚ 40 ਵੱਡੇ ਨੇਤਾਵਾਂ ਦੇ ਨਾਂ ਸ਼ਾਮਲ ਹਨ, ਜੋ ਮਹਾਰਾਸ਼ਟਰ 'ਚ ਚੋਣ ਰੈਲੀਆਂ ਕਰਦੇ ਨਜ਼ਰ ਆਉਣ ਵਾਲੇ ਹਨ।




ਕਾਂਗਰਸ ਪਾਰਟੀ ਦੇ ਮਹਾਰਾਸ਼ਟਰ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਰਾਹੁਲ ਗਾਂਧੀ, ਸੋਨੀਆ ਗਾਂਧੀ, ਪ੍ਰਿਯੰਕਾ ਗਾਂਧੀ ਅਤੇ ਕਾਂਗਰਸ ਪਾਰਟੀ ਦੇ ਪ੍ਰਧਾਨ ਮੱਲਿਕਾਰਜੁਨ ਖੜਗੇ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਮਹਾਰਾਸ਼ਟਰ ਤੋਂ ਪ੍ਰਦੇਸ਼ ਕਾਂਗਰਸ ਪ੍ਰਧਾਨ ਨਾਨਾਭਾਊ ਪਟੋਲੇ ਵੀ ਪਾਰਟੀ ਦੇ ਸਟਾਰ ਪ੍ਰਚਾਰਕਾਂ 'ਚ ਮੌਜੂਦ ਹਨ।

ਕਾਂਗਰਸ ਦੇ ਇਨ੍ਹਾਂ 40 ਸਟਾਰ ਪ੍ਰਚਾਰਕਾਂ ਦੀ ਸੂਚੀ ਮਹਾਰਾਸ਼ਟਰ ਵਿੱਚ ਪੰਜਵੇਂ ਪੜਾਅ ਦੀ ਵੋਟਿੰਗ ਲਈ ਹੈ। ਦਰਅਸਲ ਦੇਸ਼ ਵਿੱਚ ਲੋਕ ਸਭਾ ਚੋਣਾਂ ਦੇ ਦੋ ਪੜਾਅ ਪੂਰੇ ਹੋ ਚੁੱਕੇ ਹਨ। ਤੀਜੇ ਅਤੇ ਚੌਥੇ ਪੜਾਅ 'ਚ ਮਹਾਰਾਸ਼ਟਰ 'ਚ 11-11 ਸੀਟਾਂ 'ਤੇ ਚੋਣਾਂ ਹੋਣੀਆਂ ਹਨ। ਅਜਿਹੇ 'ਚ ਕਾਂਗਰਸ ਨੇ ਪੰਜਵੇਂ ਪੜਾਅ ਲਈ 40 ਸਟਾਰ ਪ੍ਰਚਾਰਕਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ। ਦੱਸ ਦਈਏ ਕਿ ਪੰਜਵੇਂ ਪੜਾਅ 'ਚ ਮਹਾਰਾਸ਼ਟਰ ਦੀਆਂ 13 ਲੋਕ ਸਭਾ ਸੀਟਾਂ 'ਤੇ ਵੋਟਿੰਗ ਹੋਵੇਗੀ।

ਪਹਿਲੇ ਪੰਜ ਪੜਾਵਾਂ ਵਿੱਚ ਮਹਾਰਾਸ਼ਟਰ ਵਿੱਚ 48 ਲੋਕ ਸਭਾ ਸੀਟਾਂ ਲਈ ਚੋਣਾਂ ਹੋਣੀਆਂ ਸਨ। ਪੰਜਵੇਂ ਪੜਾਅ 'ਚ ਮਹਾਰਾਸ਼ਟਰ ਦੀਆਂ ਕਈ ਵੱਡੀਆਂ ਸੀਟਾਂ 'ਤੇ ਵੋਟਿੰਗ ਹੋਵੇਗੀ, ਜਿਨ੍ਹਾਂ 'ਚ ਧੂਲੇ, ਡਿੰਡੋਰੀ, ਨਾਸਿਕ, ਪਾਲਘਰ, ਭਿਵੰਡੀ, ਕਲਿਆਣ, ਠਾਣੇ, ਮੁੰਬਈ ਉੱਤਰੀ, ਮੁੰਬਈ ਉੱਤਰ-ਪੱਛਮੀ, ਮੁੰਬਈ ਉੱਤਰ-ਪੂਰਬ, ਮੁੰਬਈ ਉੱਤਰ-ਮੱਧ, ਮੁੰਬਈ ਸ਼ਾਮਲ ਹਨ। ਦੱਖਣ-ਕੇਂਦਰੀ, ਮੁੰਬਈ ਦੱਖਣੀ ਦਾ ਨਾਮ ਸ਼ਾਮਲ ਹੈ।

# ਬਿਊਟੀ ਕੁਈਨ ਦਾ ਗੋਲੀਆਂ ਮਾਰ ਕੇ ਕਤਲ



ਨਿਊਯਾਰਕ- ਫੈਸ਼ਨ ਦੀ ਦੁਨੀਆ ਤੋਂ ਹੈਰਾਨ ਕਰਨ ਵਾਲੀ ਖਬਰ ਆ ਰਹੀ ਹੈ। ਸਾਬਕਾ ਮਿਸ ਇਕਵਾਡੋਰ ਪ੍ਰਤੀਯੋਗੀ ਲੈਂਡੀ ਪੈਰਾਗਾ ਗੋਇਬਰੋ ਦੀ ਦਿਨ ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ।

ਲੈਂਡੀ ਦੀ ਇੱਕ ਸੀਸੀਟੀਵੀ ਫੁਟੇਜ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ, ਜਿਸ ਵਿੱਚ ਉਹ ਲਾਸ ਰੀਓਸ ਸੂਬੇ ਦੇ ਇੱਕ ਸ਼ਹਿਰ ਦੇ ਇੱਕ ਰੈਸਟੋਰੈਂਟ ਵਿੱਚ ਨਜ਼ਰ ਆ ਰਿਹਾ ਸੀ।

ਉਦੋਂ ਅਚਾਨਕ ਕੁਝ ਹਥਿਆਰਬੰਦ ਵਿਅਕਤੀ ਆਏ ਅਤੇ ਲੈਂਡੀ ਨੂੰ ਸ਼ਰੇਆਮ ਗੋਲੀ ਮਾਰ ਦਿੱਤੀ। ਗੋਲੀ ਲੱਗਣ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਖਬਰ ਆਉਂਦੇ ਹੀ ਫੈਸ਼ਨ ਜਗਤ 'ਚ ਸੋਗ ਦੇ ਬੱਦਲ ਛਾ ਗਏ। ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਇਕਵਾਡੋਰ ਦੀ ਸੁੰਦਰਤਾ ਲੈਂਡੀ ਪੈਰਾਗਾ ਗੋਇਬਰੋ ਦਾ ਬਦਨਾਮ ਗੈਂਗ ਲੀਡਰ ਨਾਲ ਅਫੇਅਰ ਸੀ। ਇਹ ਖੌਫਨਾਕ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ ਹੈ। ਫੁਟੇਜ 'ਚ ਦਿਖ ਰਿਹਾ ਹੈ ਕਿ ਦੋ ਬੰਦੂਕਧਾਰੀ ਰੈਸਟੋਰੈਂਟ 'ਚ ਪਹੁੰਚੇ ਅਤੇ ਉਥੇ ਮੌਜੂਦ ਲੈਂਡੀ ਦੇ ਨਾਲ-ਨਾਲ ਇਕ ਵਿਅਕਤੀ ਨੂੰ ਵੀ ਗੋਲੀ ਮਾਰ ਦਿੱਤੀ। ਇੱਕ ਬੰਦੂਕਧਾਰੀ ਨੇ ਗੋਲੀ ਚਲਾ ਦਿੱਤੀ, ਜਦੋਂ ਕਿ ਦੂਜੇ ਨੇ ਦਰਵਾਜ਼ੇ 'ਤੇ ਖੜ੍ਹੇ ਹੋ ਕੇ ਪਹਿਰਾ ਦਿੱਤਾ। ਫਾਇਰਿੰਗ ਕਰਨ ਤੋਂ ਬਾਅਦ ਦੋਵੇਂ ਉਥੋਂ ਫਰਾਰ ਹੋ ਗਏ। ਰਿਪੋਰਟ ਮੁਤਾਬਕ ਸਥਾਨਕ ਮੀਡੀਆ ਆਉਟਲੇਟ ਇਕਵਾਵਿਸਾ ਨੇ ਦੱਸਿਆ ਕਿ ਲੈਂਡੀ ਪੈਰਾਗਾ ਗੋਇਬੁਰੋ ਇਕ ਦਿਨ ਪਹਿਲਾਂ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਆਈ ਸੀ। ਅਗਲੇ ਦਿਨ ਉਸ ਨੂੰ ਗੋਲੀ ਮਾਰ ਦਿੱਤੀ ਗਈ। ਇਸ ਹਮਲੇ ਦੇ ਪਿੱਛੇ ਕੀ ਮਕਸਦ ਸੀ, ਇਸ ਦਾ ਅਜੇ ਤੱਕ ਖੁਲਾਸਾ ਨਹੀਂ ਹੋਇਆ ਹੈ। ਫਿਲਹਾਲ ਪੁਲਸ ਨੇ ਦੋਸ਼ੀਆਂ ਦੀ ਪਛਾਣ ਕਰਨ ਅਤੇ ਗ੍ਰਿਫਤਾਰ ਕਰਨ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ 23 ਸਾਲ ਦੀ ਛੋਟੀ ਉਮਰ 'ਚ ਲੈਂਡੀ ਪੈਰਾਗਾ ਗੋਇਬੁਰੋ ਸਾਬਕਾ ਬਿਊਟੀ ਕਵੀਨ ਦੇ ਰੂਪ 'ਚ ਚਰਚਾ 'ਚ ਆਈ ਸੀ। ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ 10 ਲੱਖ ਤੋਂ ਵੱਧ ਫਾਲੋਅਰਜ਼ ਸਨ। ਇਸ ਤੋਂ ਇਲਾਵਾ ਲੈਂਡੀ ਨੇ ਆਪਣੀ ਸਪੋਰਟਸਵੇਅਰ ਲਾਈਨ ਵੀ ਚਲਾਈ।

# ਵਿਦਿਆਰਥਣ ਨਾਲ ਬਲਾਤਕਾਰ ਦੇ ਮਾਮਲੇ 'ਚ ਵੱਡਾ ਐਕਸ਼ਨ ! ਸਿੱਖਿਆ ਵਿਭਾਗ ਵੱਲੋਂ ਦੋ ਪ੍ਰੋਫ਼ੈਸਰ ਨੌਕਰੀ ਤੋਂ ਬਰਖ਼ਾਸਤ, ਪ੍ਰਿੰਸੀਪਲ ਨੂੰ ਵੀ ਅਹੁਦੇ ਤੋਂ ਹਟਾਇਆ

ਚੰਡੀਗੜ੍ਹ/ਪਟਿਆਲਾ :- ਪਟਿਆਲਾ ਦੇ ਨਾਭਾ ਵਿਚਲੇ ਸਰਕਾਰੀ ਰਿਪੁਦਮਨ ਕਾਲਜ ਵਿਚ ਇੱਕ ਵਿਦਿਆਰਥਣ ਦੇ ਨਾਲ ਸਮੂਹਿਕ ਬਲਾਤਕਾਰ ਮਾਮਲੇ ਵਿਚ ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਮਹਿਮਕੇ ਨੇ ਵੱਡਾ ਐਕਸ਼ਨ ਕਰਦਿਆਂ ਹੋਇਆ ਦੋ ਪ੍ਰੋਫ਼ੈਸਰਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ, ਉਥੇ ਹੀ ਪ੍ਰਿੰਸੀਪਲ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਦੇ ਨਾਲ ਹੀ ਲਾਇਬ੍ਰੇਰੀਅਨ ਅਤੇ ਇੱਕ ਹੋਰ ਸਹਾਇਕ ਪ੍ਰੋਫ਼ੈਸਰ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

ਜਾਗਰਣ ਦੀ ਖ਼ਬਰ ਮੁਤਾਬਿਕ, ਉਕਤ ਘਟਨਾ ਦੀ ਜਾਂਚ ਸਬੰਧੀ ਪ੍ਰਿੰਸੀਪਲ ਸੈਕਟਰੀ ਉਚੇਰੀ ਸਿੱਖਿਆ ਵੱਲੋਂ ਸੁਮਨ ਲਤਾ ਪ੍ਰਿੰਸੀਪਲ ਗੌਰਮੈਂਟ ਕਾਲਜ ਲੁਧਿਆਣਾ, ਪ੍ਰਿੰਸੀਪਲ ਤਨਵੀਰ ਲਿਖਾਰੀ ਐੱਸਈਡੀ ਕਾਲਜ ਲੁਧਿਆਣਾ ਤੇ ਸਿਮਰਨਜੀਤ ਕੌਰ ਡਿਪਟੀ ਡੀਪੀਆਈ ਮੋਹਾਲੀ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ ਅਤੇ ਘਟਨਾ ਦੀ ਜਾਂਚ ਕਰ ਕੇ ਰਿਪੋਰਟ ਦੇਣ ਸਬੰਧੀ ਕਿਹਾ ਗਿਆ ਸੀ।

ਇਸ ਸਬੰਧੀ ਉਕਤ ਕਮੇਟੀ ਵੱਲੋਂ ਜਾਂਚ ਕਰਨ ਉਪਰੰਤ ਪ੍ਰਿੰਸੀਪਲ ਸੈਕਟਰੀ ਉਚੇਰੀ ਸਿੱਖਿਆ ਨੂੰ ਆਪਣੀ ਰਿਪੋਰਟ ਸੌਂਪੀ ਗਈ। ਰਿਪੋਰਟ ਦੇ ਆਧਾਰ 'ਤੇ ਪ੍ਰਿੰਸੀਪਲ ਸੈਕਟਰੀ ਨੇ ਪ੍ਰੋਫੈਸਰ ਨਰਿੰਦਰ ਸਿੰਘ ਤੇ ਪ੍ਰੋਫੈਸਰ ਕਰਨਪ੍ਰੀਤ ਕੌਰ ਨੂੰ ਬਰਖ਼ਾਸਤ ਕਰਨ, ਲਾਇਬ੍ਰੇਰੀਅਨ ਚਰਨਜੀਤ ਕੌਰ ਤੇ ਸਹਾਇਕ ਪ੍ਰੋਫੈਸਰ ਅਰਾਧਨਾ ਕਾਮਰਾ ਨੂੰ ਮੁਅੱਤਲ ਕਰਨ ਅਤੇ ਪ੍ਰਿੰਸੀਪਲ ਹਰਤੇਜ ਕੌਰ ਬੱਲ ਨੂੰ ਅਹੁਦੇ ਤੋਂ ਹਟਾਉਣ ਦਾ ਹੁਕਮ ਜਾਰੀ ਕੀਤਾ ਹੈ।

ਇਹ ਮਾਮਲਾ ਪੀੜਤਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਮੁਤਾਬਕ, ਰੋਜ਼ਾਨਾ ਵਾਂਗ ਉਹ 27 ਮਾਰਚ ਨੂੰ ਵੀ ਕਾਲਜ ਗਈ ਤੇ ਕੋਈ ਕਲਾਸ ਨਾ ਹੋਣ ਕਰ ਕੇ ਉਹ ਕਾਲਜ ਦੀ ਪਾਰਕ 'ਚ ਬੈਠੀ ਸੀ। ਇਸੇ ਦੌਰਾਨ ਦਵਿੰਦਰ ਸਿੰਘ ਉਸ ਕੋਲ ਆਇਆ ਤੇ ਉਸ ਨਾਲ ਜ਼ਰੂਰੀ ਗੱਲ ਕਰਨ ਦਾ ਕਹਿ ਕੇ ਕਮਰੇ 'ਚ ਲੈ ਗਿਆ ਜਿੱਥੇ ਪਹਿਲਾਂ ਹੀ ਦੋ ਮੁੰਡੇ ਮੌਜੂਦ ਸਨ।

ਕਮਰੇ 'ਚ ਦਾਖ਼ਲ ਹੁੰਦਿਆਂ ਹੀ ਇਕ ਮੁੰਡੇ ਨੇ ਕਮਰੇ ਦੇ ਦਰਵਾਜ਼ੇ ਦਾ ਕੁੰਡਾ ਲਾ ਦਿੱਤਾ ਤੇ ਦੂਜੇ ਨੇ ਉਸ ਦਾ ਮੂੰਹ ਬੰਦ ਕਰ ਦਿੱਤਾ। ਸ਼ਿਕਾਇਤਕਰਤਾ ਮੁਤਾਬਕ, ਉੱਥੇ ਤਿੰਨਾਂ ਨੇ ਉਸ ਨਾਲ ਜਬਰ ਜਨਾਹ ਕੀਤਾ।

ਇਸ ਤੋਂ ਬਾਅਦ ਉਨ੍ਹਾਂ ਨੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਤੇ ਬਦਨਾਮ ਕਰਨ ਦੀਆਂ ਧਮਕੀਆਂ ਦਿੱਤੀਆਂ। ਪੁਲਿਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਦਕਿ ਕਾਲਜ ਪ੍ਰਬੰਧਕਾਂ ਵੱਲੋਂ ਵਰਤੀ ਗਈ ਲਾਪਰਵਾਹੀ ਸਬੰਧੀ ਉਚੇਰੀ ਸਿੱਖਿਆ ਪ੍ਰਮੁੱਖ ਸਕੱਤਰ ਵੱਲੋਂ ਜਾਂਚ ਦੇ ਹੁਕਮ ਦਿੱਤੇ ਗਏ ਸਨ।



# ਲੁਧਿਆਣਾ ਦਾ ਐਲਵਿਨ ਅਰੋੜਾ ਕਰਾਟੇ ਵਿੱਚ ਬਣਿਆ ਪੰਜਾਬ ਚੈਂਪੀਅਨ

**ਲੁਧਿਆਣਾ ਲੋਕ ਬਾਣੀ (ਸੁਖਚੈਨ ਮਹਿਰਾ)** ਕਰਾਟੇ ਐਸੋਸੀਏਸ਼ਨ ਵੱਲੋਂ ਕਰਵਾਈ ਗਈ ਪੰਜਾਬ ਕਰਾਟੇ ਚੈਂਪੀਅਨਸ਼ਿਪ ਵਿੱਚ ਐਲਵਿਨ ਅਰੋੜਾ ਸਿਰਫ਼ 7 ਸਾਲ ਦੀ ਉਮਰ ਵਿੱਚ ਪੰਜਾਬ ਚੈਂਪੀਅਨ ਬਣ ਗਿਆ। ਇਸ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਖਿਡਾਰੀਆਂ ਨੇ ਭਾਗ ਲਿਆ। ਜਿਸ ਵਿੱਚ ਐਲਵਿਨ ਅਰੋੜਾ ਨੇ ਸੋਨ ਤਗਮਾ ਜਿੱਤ ਕੇ ਲੁਧਿਆਣਾ ਦਾ ਨਾਮ ਰੌਸ਼ਨ ਕੀਤਾ। ਐਲਵਿਨ ਦੇ ਪਿਤਾ ਐਡਵੋਕੇਟ ਡਾਕਟਰ ਗੌਰਵ ਅਰੋੜਾ ਵੀ ਪਾਵਰਲਿਫਟਿੰਗ ਵਿੱਚ ਵਿਸ਼ਵ ਕਾਂਸੀ ਤਮਗਾ ਜੇਤੂ ਰਹਿ ਚੁੱਕੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਲਵਿਨ ਅਰੋੜਾ ਨੇ ਕਿਹਾ ਕਿ ਉਹ ਓਲੰਪਿਕ ਵਿੱਚ ਤਮਗਾ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਉਹ ਓਲੰਪਿਕ ਵਿੱਚ ਸੋਨ ਤਮਗਾ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲਾ ਪਹਿਲਾ ਭਾਰਤੀ ਬਣ ਜਾਵੇਗਾ।

# ਯੁਵਕ ਸੇਵਾਵਾਂ ਕਲੱਬ ਵੱਲੋਂ ਸਰਕਾਰੀ ਸਕੂਲ ਦੌਲੇਵਾਲਾ ਦੇ ਵਿਦਿਆਰਥੀਆਂ ਨੂੰ ਵੰਡਿਆ ਖੇਡਾਂ ਦਾ ਸਮਾਨ

**ਕੋਟ ਇਸੇ ਖਾਂ ਲੋਕ ਬਾਣੀ (ਅਰੋੜਾ)** ਯੁਵਕ ਸੇਵਾਵਾਂ ਕਲੱਬ ਤੇ ਸ਼ਹੀਦ ਭਗਤ ਸਿੰਘ ਵੈਲਫੇਅਰ ਸਪੋਰਟਸ ਕਲੱਬ ਦੇ ਸਰਪ੍ਰਸਤ ਗੁਰਦੇਵ ਸਿੰਘ ਮਨੇਸ, ਪ੍ਰਧਾਨ ਅਮਰਦੀਪ ਸਿੰਘ ਵਿਰਦੀ, ਗੁਰਪ੍ਰੀਤ ਸਿੰਘ, ਸੁਖਬੀਰ ਸਿੰਘ, ਹਰਜੀਤ ਸਿੰਘ ਵਿਰਦੀ, ਲਵਪ੍ਰੀਤ ਸਿੰਘ, ਸਰਪੰਚ ਸੁਖਵਿੰਦਰ ਸਿੰਘ, ਇੰਦਰਜੀਤ ਸਿੰਘ ਬਿਜਲੀਵਾਲੇ ਅਤੇ ਸੂਬਾ ਸਿੰਘ ਵੱਲੋਂ ਸਕੂਲ ਦੇ ਸਮੂਹ ਸਟਾਫ਼ ਦੀ ਹਾਜ਼ਰੀ ਵਿੱਚ ਪ੍ਰਾਇਮਰੀ ਅਤੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਖੇਡਾਂ ਦਾ ਸਮਾਨ ਵੰਡਿਆ ਗਿਆ। ਕਲੱਬ ਸਰਪ੍ਰਸਤ ਗੁਰਦੇਵ ਸਿੰਘ ਮਨੇਸ ਵੱਲੋਂ ਕਿਹਾ ਗਿਆ ਕੇ ਖੇਡਾਂ ਵਿਦਿਆਰਥੀਆਂ ਦੇ ਜੀਵਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਪੜ੍ਹਾਈ ਦੇ ਨਾਲ - ਨਾਲ ਵਿਦਿਆਰਥੀਆਂ ਦਾ ਸਰੀਰਕ ਤੌਰ ਤੇ ਤੰਦਰੁਸਤ ਹੋਣਾ ਵੀ ਜ਼ਰੂਰੀ ਹੈ। ਇਹ ਕਹਿੰਦਿਆਂ ਹੋਇਆਂ ਓਹਨਾਂ ਵਿਦਿਆਰਥੀਆਂ ਨੂੰ ਖੇਡਾਂ ਦਾ ਸਮਾਨ ਵੰਡਿਆ। ਹਾਈ ਸਕੂਲ ਦੇ ਇੰਚਾਰਜ ਮੈਡਮ ਰਮਨਦੀਪ ਕੌਰ ਵੱਲੋਂ ਓਹਨਾਂ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਕੀਤਾ ਗਿਆ ਉਪਰਾਲਾ ਸੱਚਮੁੱਚ ਹੀ ਸ਼ਲਾਘਯੋਗ ਹੈ। ਕਿਉਂਕਿ ਵਿਦਿਆਰਥੀ ਜੀਵਨ ਵਿੱਚ ਖੇਡਾਂ ਬਹੁਤ ਹੀ ਅਹਿਮ ਰੋਲ ਅਦਾ ਕਰਦੀਆਂ ਹਨ। ਓਹਨਾਂ ਕਿਹਾ ਕੇ ਖੇਡਾਂ ਵਿਦਿਆਰਥੀ ਨੂੰ ਮਾਨਸਿਕ ਤੇ ਸਰੀਰਕ ਤੌਰ ਤੇ ਤੰਦਰੁਸਤ ਰੱਖਣ ਦੇ ਨਾਲ - ਨਾਲ ਵਿਦਿਆਰਥੀ ਨੂੰ ਅਨੁਸ਼ਾਸਨ ਵੀ ਸਿਖਾਉਂਦੀਆਂ ਨੇ। ਰਮਨਦੀਪ ਕੌਰ ਨੇ ਕਿਹਾ ਕਿ ਦੌਲੇਵਾਲਾ ਮਾਇਰ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ - ਨਾਲ ਖੇਡਾਂ ਦੇ ਖੇਤਰ ਵਿੱਚ ਵੀ ਅੱਗੇ ਨੇ। ਸੋ ਕਲੱਬ ਦੇ ਇਸ ਉਪਰਾਲੇ ਨੇ ਸੋਨੇ ਤੇ ਸੁਹਾਗੇ



ਦਾ ਕੰਮ ਕੀਤਾ ਹੈ। ਅੰਤ ਵਿੱਚ ਓਹਨਾਂ ਸਮੂਹ ਸਟਾਫ਼ ਹਾਈ ਤੇ ਪ੍ਰਾਇਮਰੀ ਵੱਲੋਂ ਆਏ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਜਸ਼ਨਪ੍ਰੀਤ ਸਿੰਘ, ਪ੍ਰਭਜੋਤ ਸਿੰਘ, ਹੈੱਡ ਟੀਚਰ ਗੌਰਵ ਸ਼ਰਮਾ, ਮਾਸਟਰ ਸਤੀਸ਼ ਕੁਮਾਰ, ਪੰਕਜ ਕੁਮਾਰ, ਬੀਰਿੰਦਰ ਸਿੰਘ, ਹਰਜਿੰਦਰ ਸਿੰਘ, ਸ਼੍ਰੀਮਤੀ ਪਰਮਜੀਤ ਕੌਰ, ਪੂਨਮ ਹਾਂਡਾ, ਮਿਸ ਸਿਮਰਜੀਤ ਕੌਰ, ਮਿਸ ਹਰਪ੍ਰੀਤ ਕੌਰ ਆਦਿ ਤੇ ਹੋਰ ਸ਼ਖ਼ਸ਼ੀਅਤਾਂ ਹਾਜ਼ਰ ਸਨ।

# ਸ਼ਾਂਤੀ ਦੇਵੀ ਕਾਲਜ ਵਿੱਚ ਕਰਵਾਈ ਐਲੂਮਨਾਈ ਮੀਟ

ਦੀਨਾਨਗਰ ਲੋਕ ਬਾਣੀ (ਡਾ.ਰਮੇਸ਼ ਸਰੰਗਲ ) ਸਥਾਨਕ ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ ਦੇ ਆਡੀਟੋਰੀਅਮ ਵਿੱਚ ਸਾਲਾਨਾ ਐਲੂਮਨਾਈ ਮੀਟ ਕਾਲਜ ਪ੍ਰਿੰ : ਡਾ: ਸੁਸ਼ਮਾ ਗੁਪਤਾ ਦੀ ਪ੍ਰਧਾਨਗੀ ਵਿੱਚ ਕਰਵਾਈ ਗਈ ਜਿਸ ਵਿੱਚ ਇਸ ਕਾਲਜ ਦੀ 'ਐਲੂਮਨਾਈ ਐਸੋਸੀਏਸ਼ਨ ਦੇ ਪ੍ਰਧਾਨ ਮੈਡਮ ਸੰਜੀਵ ਡੋਗਰਾ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਐਲੂਮਨਾਈ ਐਸੋਸੀਏਸ਼ਨ ਦੇ ਕੋਆਰਡੀਨੇਟਰ ਡਾ: ਕੁਲਵਿੰਦਰ ਕੌਰ ਛੀਨਾ ਅਤੇ ਰਣਦੀਪ ਧੂਤ ਤੇ ਸਮੂਹ ਸਟਾਫ਼ ਦੀ ਹਾਜਰੀ ਵਿੱਚ ਕਰਵਾਏ ਗਏ ਇਸ ਪ੍ਰੋਗਰਾਅ ਦਾ ਆਗਾਜ਼ ਵੇਦਮੰਤਰਾਂ ਦੇ ਉਚਾਰਣ ਨਾਲ ਜੋਤੀ ਜਗਾਕੇ ਕੀਤਾ ਗਿਆ । ਇਸ ਪ੍ਰੋਗਰਾਮ ਵਿੱਚ ਕਾਲਜ ਦੀਆਂ ਪੁਰਾਣੀਆਂ ਵਿੱਦਿਅਰਥਣਾ ਸ੍ਰੀ ਮਤੀ ਮਿਨਾਕਸ਼ੀ (ਪੰਜਾਬ ਪੁਲਿਸ), ਜਤਿੰਦਰ ਕੌਰ (ਪੰਜਾਬ ਪੁਲਿਸ) ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਟੇਜ ਸੰਚਾਲਨ ਦੀ ਕਾਰਵਾਈ ਡਾ. ਅੰਜਨਾ ਮਲਹੋਤਰਾ ਦਵਾਰਾ ਬਾਖੂਬੀ ਨਿਭਾਈ ਗਈ। ਕਾਲਜ ਪ੍ਰਿੰ: ਅਤੇ ਸਟਾਫ ਦੁਆਰਾ ਮੇਹਮਾਨਾਂ ਦਾ ਗੁਲਦਸਤੇ ਦੇ ਕੇ ਸਵਾਗਤ ਕੀਤਾ ਗਿਆ। ਮੁੱਖ ਮਹਿਮਾਨ ਮੈਡਮ ਸੰਜੀਵ ਡੋਗਰਾ ਨੇ ਅਪਣੇ ਭਾਸ਼ਣ ਵਿੱਚ ਅਪਣੀ ਪੜ੍ਹਾਈ ਦੌਰਾਨ ਕਾਲਜ਼ ਵਿੱਚ ਬਿਤਾਏ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਉਹਨਾਂ ਕਿਹਾ ਕਿ ਇਸ ਸੰਸਥਾ ਨੇ ਬਹੁਤ ਸਾਰੀਆਂ ਵਿਦਿਆਰਥਣਾਂ ਨੂੰ ਆਪਣੀ ਮੰਜਿਲ ਤੱਕ ਪਹੁੰਚਾਇਆ ਹੈ ਅਤੇ ਇਹ ਸੰਸਥਾ ਇਸ ਇਲਾਕੇ ਦੀਆਂ ਲੜਕੀਆਂ ਵਾਸਤੇ ਇੱਕ ਵਰਦਾਨ ਹੈ। ਸ੍ਰੀਮਤੀ ਮਿਨਾਕਸ਼ੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਸੰਸਥਾ ਨੇ ਉਸਦੀ ਸ਼ਖਸੀਅਤ ਨੂੰ ਤਰਾਸ਼ਣ ਅਤੇ ਵਧੀਆ ਸੇਧ ਦੇਣ ਲਈ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਸ ਸੰਸਥਾ ਦੇ ਅਧਿਆਪਕ ਵਿਦਿਆਰਥਣਾ ਨੂੰ ਸਹੀ ਸੇਧ ਦੇਣ ਵਿੱਚ ਵਧੀਆ ਭੂਮਿਕਾ ਨਿਭਾ ਰਹੇ ਹਨ। ਪੰਜਾਬ ਪੁਲਿਸ ਵਿੱਚ ਹੀ ਕੰਮ ਕਰ ਰਹੀ ਇਸ ਸੰਸਥਾ ਦੀ ਪੁਰਾਣੀ ਰਹਿ ਚੁੱਕੀ ਵਿਦਿਆਰਥਣ ਜਤਿੰਦਰ ਕੌਰ ਤੇ ਭਾਵੁਕਤਾ ਭਰੇ ਲਹਿਜੇ ਵਿੱਚ ਕਿਹਾ ਅੱਜ ਤੱਕ ਜੋ ਮੈਨੂੰ ਅੱਛਾ ਪ੍ਰੋਫੈਸ਼ਨ ਕੈਰੀਅਰ ਨਸੀਬ ਹੋ ਰਿਹਾ ਹੈ, ਉਹ ਸਭ ਇਸ ਸੰਸਥਾ ਦੀ ਬਦੌਲਤ ਹੀ ਸੰਭਵ ਹੋ ਸਕਿਆ ਹੈ। ਇਸ ਮੌਕੇ ਤਕਰੀਬਨ 450 ਪੁਰਾਣੀ ਵਿਦਿਅਰਣਾ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।



## ਪੁਰਾਣੀ ਸੰਨੀ ਇੰਨਕਲੇਵ ਖਰੜ 'ਚ ਸੀਵਰੇਜ਼ ਦੇ ਓਵਰ ਫਲੋਅ ਹੋ ਰਿਹਾ ਸੀਵਰੇਜ ਦਾ ਗੰਦਾ ਪਾਣੀ ਬਿਮਾਰੀਆਂ ਨੂੰ ਦੇ ਰਿਹਾ ਸੱਦਾ



ਖਰੜ, ਲੋਕ ਬਾਣੀ (ਕਾਲਾ ਸਿੰਘ ਸੈਣੀ)– ਖਰੜ ਸ਼ਹਿਰ ਦੀ ਪੁਰਾਣੀ ਸੰਨੀ ਇਨਕਲੇਵ ਸੈਕਟਰ -125 ਦੇ ਮੁੱਖ ਗੇਟ ਨੰਬਰ: 1 ਨੇੜੇ ਪਿਛਲੇ 15 ਦਿਨਾਂ ਤੋਂ ਸੀਵਰੇਜ਼ ਦਾ ਗੰਦਾ ਪਾਣੀ ਓਵਰਫਲੋਅ ਹੋ ਕੇ ਸੜਕ ਤੇ ਆਉਣ ਕਾਰਨ ਭਿਆਨਕ ਬਿਮਾਰੀ ਫੈਲਣ ਦਾ ਖੱਦਸ਼ਾ ਬਣਿਆ ਹੋਇਆ ਹੈ। ਸੰਨੀ ਇਨਕਲੇਵ ਖਰੜ ਦੇ ਵਸਨੀਕਾਂ ਨੇ ਦਸਿਆ ਕਿ ਇਸ ਸੜਕ ਤੇ ਗੇਟ ਨਾਲ ਮੋਰ ਸੁਪਰ ਮਾਰਕੀਟ, ਸਕੂਲ ਸਮੇਤ ਵੱਡੀ ਗਿਣਤੀ ਵਿਚ ਰਿਹਾਇਸ਼ੀ ਮਕਾਨ ਹਨ ਅਤੇ ਮਾਰਕੀਟ ਵਿਚ ਸ਼ੋਰੂਮ ਅਤੇ ਦੁਕਾਨਾਂ ਹਨ ਜਿਥੇ ਲੋਕੀ ਆਪਣਾ ਆਪਣਾ ਕਾਰੋਬਾਰ ਕਰ ਰਹੇ ਵਸਨੀਕਾਂ ਨੇ ਦੱਸਿਆ ਕਿ ਕਈ ਵਾਰੀ ਨਗਰ ਕੌਂਸਲ ਖਰੜ ਵਿਚ ਕਹਿਣ ਦੇ ਬਾਵਜੂਦ ਅਜੇ ਤੱਕ ਇਸ ਦਾ ਕੋਈ ਪੱਕਾ ਹੱਲ ਨਹੀਂ ਕੱਢਿਆ ਗਿਆ। ਉਨ੍ਹਾਂ ਦੱਸਿਆ ਕਿ ਪਿਛਲੇ 15 ਦਿਨਾਂ ਤੋਂ ਖੁੱਲੇਆਮ ਓਵਰ ਫਲੋਅ ਹੋ ਰਿਹਾ ਸੀਵਰੇਜ ਦਾ ਗੰਦਾ ਗਰਮੀ ਦਾ ਮੌਸਮ ਹੋਣ ਕਰਕੇ ਭਿਆਨਕ ਬਿਮਾਰੀਆਂ ਫਲਾਉਣ ਦਾ ਕਾਰਨ ਬਣਦਾ ਜਾ ਰਿਹਾ ਹੈ। ਸੰਨੀ ਇਨਕਲੇਵ ਖਰੜ ਦੇ ਵਸਨੀਕਾਂ ਨੇ ਦਸਿਆ ਕਿ ਉਹ ਕਈ ਵਾਰੀ ਨਗਰ ਕੌਂਸਲ ਖਰੜ ਦੇ ਧਿਆਨ ਵਿਚ ਇਹ ਮਾਮਲਾ ਲਿਆ ਚੁੱਕੇ ਹਾਂ ਪਰ ਇਸ ਓਵਰ ਫਲੋਅ ਹੋ ਰਹੇ ਸੀਵਰੇਜ ਗੰਦੇ ਪਾਣੀ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀ ਕੀਤਾ ਗਿਆ ਅਤੇ ਨਾਂ ਹੀ ਇਸ ਖੇਤਰ ਦੀ ਸਫਾਈ ਕੀਤੀ ਗਈ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇਹ ਸਮੱਸਿਆ ਹੱਲ ਨਾ ਕੀਤੀ ਗਈ ਤਾਂ ਨਗਰ ਕੌਸਲ ਖਰੜ ਦੇ ਖਿਲਾਫ ਵੱਡਾ ਸੰਘਰਸ਼ ਕੀਤਾ ਜਾਵੇਗਾ ਜਿਸਦੀ ਜਿੰਮੇਵਾਰੀ ਨਗਰ ਕੌਸਲ ਖਰੜ ਤੇ ਪ੍ਰਸ਼ਾਸ਼ਨ ਦੀ ਹੋਵੇਗੀ।

# ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਮਹੀਨਾਵਾਰ ਮੀਟਿੰਗ ਵਿੱਚ ਕੀਤੇ ਵਿਚਾਰ ਵਟਾਂਦਰੇ

## ਯੂਨੀਅਨ ਦੇ ਆਗੂਆਂ ਵੱਲੋਂ ਝੋਨਾ ਲਾਉਣ ਦੀ ਤਰੀਕ 1 ਜੂਨ ਕਰਨ ਦੀ ਕੀਤੀ ਮੰਗ



ਕੋਟ ਈਸੇ ਖਾਂ, ਲੋਕ ਬਾਣੀ (ਅਰੋੜਾ) ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਬਲਾਕ ਕੋਟ ਈਸੇ ਖਾਂ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਕਾਰਜ ਸਿੰਘ ਮਸੀਤਾਂ ਦੀ ਪ੍ਰਧਾਨਗੀ ਹੇਠ ਗੁਰੂਦੁਆਰਾ ਅਕਾਲਗੜ੍ਹ ਨਿਹੰਗ ਸਿੰਘ ਛਾਉਣੀ ਚੀਮਾ ਰੋਡ ਕੋਟ ਇਸੇ ਖਾਂ ਵਿਖੇ ਹੋਈ। ਮੀਟਿੰਗ ਵਿੱਚ ਬਖਸ਼ੀਸ਼ ਸਿੰਘ ਰਾਮਗੜ ਹੈਡਕੈਸੀਅਰ ਪੰਜਾਬ, ਸੂਰਤ ਸਿੰਘ ਪੰਜਾਬ ਕਮੇਟੀ ਮੈਂਬਰ ਪੰਜਾਬ ,ਗੁਰ ਪ੍ਰਤਾਪ ਸਿੰਘ ਚਿਰਾਗ ਸ਼ਾਹ ਵਾਲਾ ਜਥੇਬੰਦਕ ਸਕੱਤਰ ਪੰਜਾਬ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਮੀਟਿੰਗ ਦੀ ਕਾਰਵਾਈ ਹਰਬੰਸ ਸਿੰਘ ਬਹਿਰਾਮ ਕੇ ਜਰਨਲ ਸਕੱਤਰ ਜਿਲਾ ਮੋਗਾ ਨੇ ਚਲਾਈ। ਝੋਨੇ ਲਾਉਣ ਦੀ ਤਰੀਕ ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਇੱਕ ਜੂਨ ਤੋਂ ਕਰਨ ਦੀ ਮੰਗ ਕੀਤੀ ਗਈ ਕਿਉਂਕਿ ਲੇਟ ਝੋਨੇ ਲੱਗਣ ਨਾਲ ਉਸ ਟਾਈਮ ਮੌਸਮ ਵਿੱਚ ਵੱਧ ਸਲਾਬ ਹੋਣ ਕਾਰਨ ਝੋਨਾ ਜਲਦੀ ਨਹੀਂ ਪੱਕਦਾ ਤੇ ਕਣਕ ਦੀ ਬਿਜਾਈ ਲੇਟ ਹੋ ਜਾਂਦੀ ਹੈ ਜੋ ਕਣਕ ਦੇ ਝਾੜ ਤੇ ਬੁਰਾ ਅਸਰ ਪੈਂਦਾ ਹੈ ਇਸ ਕਰਕੇ ਪੰਜਾਬ ਸਰਕਾਰ ਨੂੰ ਪਰ ਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਝੋਨੇ ਦੀ ਤਰੀਕ ਇੱਕ ਜੂਨ ਹੀ ਕੀਤੀ ਜਾਵੇ ਜੋ ਸੰਯੁਕਤ ਕਿਸਾਨ ਮੋਰਚਾ ਵੱਲੋਂ 21 ਮਈ ਨੂੰ ਜਗਰਾਉਂ ਵਿਖੇ ਮਹਾ ਪੰਚਾਇਤ ਲੋਕ ਸਭਾ ਦੇ ਲਕਸ਼ਣ ਵਾਸਤੇ ਕੀਤੀ ਜਾ ਰਹੀ ਹੈ। ਉਸ ਵਾਸਤੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਨੇ ਆਪਣੇ ਅਹੁਦੇਦਾਰ ਅਤੇ ਵਰਕਰਾਂ ਦੀਆਂ ਵਿਸ਼ੇਸ਼ ਡਿਊਟੀਆਂ ਲਾਈਆਂ ਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ 21 ਮਈ ਨੂੰ ਮਹਾ ਪੰਚਾਇਤ ਜਗਰਾਉਂ ਵਿਖੇ ਵੱਧ ਤੋਂ ਵੱਧ ਇਕੱਠ ਕੀਤਾ ਜਾਵੇ।

ਪੁਨੀਤ ਕੌਰ ਦੇ ਇਕੱਠ ਵਿੱਚ ਸ਼ਹੀਦ ਹੋਏ ਕਿਸਾਨ ਦੀ ਮੌਤ ਤੇ ਅਫਸੋਸ ਪ੍ਰਗਟ ਕੀਤਾ ਅਤੇ ਸਖਤ ਸ਼ਬਦਾਂ ਵਿੱਚ ਨਿਖੇਦੀ ਕੀਤੀ ਗਈ।ਇਸ ਮੌਕੇ ਰਵੀ ਗੁਲਾਟੀ ਕੋਟ ਈਸੇ ਖਾਂ,ਅੰਮ੍ਰਿਤਪਾਲ ਸਿੰਘ ਕੋਟ ਇਸ ਖਾਂ, ਬਲਵੀਰ ਸਿੰਘ ਨੰਬਰਦਾਰ ਬਰਹਿਮਕੇ ,ਰਾਮ ਸਿੰਘ ਜਾਨੀਆ ,ਜੋਗਾ ਸਿੰਘ ਸ਼ੇਰਪੁਰ ਤਖਤੂਵਾਲਾ, ਲਖਵੀਰ ਸਿੰਘ ਮਸੀਤਾਂ, ਕਾਰਜ ਸਿੰਘ ਮਸੀਤਾਂ ਬਲਾਕ ਪ੍ਰਧਾਨ ਕੋਟ ਇਸੇ ਖਾਂ, ਬਗੀਚਾ ਸਿੰਘ ਮਸੀਤਾਂ ,ਪ੍ਰੀਤਮ ਸਿੰਘ ਮਸੀਤਾਂ ,ਜਰਮਲ ਸਿੰਘ ਮਸੀਤਾਂ ,ਗੁਰਮੇਰ ਸਿੰਘ ਮਸੀਤਾਂ, ਸੁਖਵਿੰਦਰ ਸਿੰਘ ਕਾਲਾ ਇਕਾਈ ਪ੍ਰਧਾਨ ਬਹਿਮਾਰਕੇ ,ਜਰਨੈਲ ਸਿੰਘ ਕੋਟ ਇਸੇ ਖਾ, ਸਰਜੀਤ ਸਿੰਘ ਬਹਿਰਾਮ ਕੇ ,ਬੂਟਾ ਸਿੰਘ,ਸਰਬਜੀਤ ਸਿੰਘ ਸ਼ੇਰਪੁਰ, ਸੁਖਵਿੰਦਰ ਸਿੰਘ, ਬੂਟਾ ਸਿੰਘ ,ਨਿਹੰਗ ਸਿੰਘ, ਸਰਬਜੀਤ ਸਿੰਘ ਸ਼ੇਰਪੁਰ ਤਖਤੂਵਾਲਾ, ਸੰਧੂ ਫੋਟੋਗ੍ਰਾਫ ਮਸੀਤਾਂ, ਕੁਲਵਿੰਦਰ ਸਿੰਘ ਕੋਟ ਈਸੇ ਖਾਂ ,ਗੁਰਪ੍ਰੀਤ ਸਿੰਘ ਰਾਮਗੜ ,ਨਿਸ਼ਾਨ ਸਿੰਘ ਰਾਮਗੜ, ਜਗਜੀਤ ਸਿੰਘ ਚਿਰਾਗ ਸ਼ਾਹ ਵਾਲਾ ਆਦਿ ਹਾਜਰ ਸਨ।

# ਫਿਲਮ ਬਾਗੀ ਹਵਾਵਾਂ ਦੀ ਸ਼ੂਟਿੰਗ ਜੋਰਾਂ 'ਤੇ



ਖਰੜ, ਲੋਕ ਬਾਣੀ (ਕਾਲਾ ਸਿੰਘ ਸੈਣੀ )– ਅਜੋਕੇ ਸਮੇਂ ਅੰਦਰ ਦਰਸ਼ਕ ਵੱਡੇ ਪਰਦੇ ਦੀਆਂ ਫਿਲਮਾਂ ਨਾਲੋਂ ਜ਼ਿਆਦਾ ਵੈੱਬ ਸੀਰੀਜ਼ ਫਿਲਮਾਂ ਦੇ ਦੀਵਾਨੇ ਹੋ ਚੁੱਕੇ ਹਨ। ਪੰਜਾਬੀ ਤੇ ਹਿੰਦੀ ਫਿਲਮਾਂ ਦੀ ਤਰਜ਼ ਤੇ ਵੱਡੇ ਬਜਟ ਨਾਲ ਅਣਛੂਹੇ ਵਿਸ਼ਿਆਂ ਨੂੰ ਲੈ ਕੇ ਬਣਿਆਂ ਫ਼ਿਲਮਾਂ ਦਰਸ਼ਕਾਂ ਨੂੰ ਕਾਫ਼ੀ ਪਸੰਦ ਆ ਰਹੀਆਂ ਹਨ। ਇਸ ਤਰ੍ਹਾਂ ਹੀ ਚੌਪਾਲ ਲਈ ਤਿਆਰ ਹੋ ਰਹੀ ਵੈੱਬ ਸੀਰੀਜ਼ 'ਬਾਗੀ ਹਵਾਵਾਂ' ਦੀ ਸ਼ੂਟਿੰਗ ਜਿਲ੍ਹਾ ਮੋਹਾਲੀ ਦੇ ਸ਼ਹਿਰ ਖਰੜ ਦੇ ਨਜ਼ਦੀਕੀ ਪਿੰਡਾਂ ਦੀਆਂ ਖ਼ੂਬਸੂਰਤ ਲੋਕੇਸ਼ਨਾਂ ਤੇ ਫਿਲਮ ਦੀ ਸ਼ੂਟਿੰਗ ਚੱਲ ਰਹੀ ਹੈ। ਜਦੋਂ ਸਾਡੀ ਟੀਮ ਸ਼ੂਟਿੰਗ ਸੈੱਟ ਤੇ ਪਹੁੰਚੀ ਤਾਂ ਅੰਤ ਦੀ ਗਰਮੀ 'ਚ ਫਿਲਮ ਦੇ ਇੱਕ ਸੀਨ ਖੇਤਾਂ 'ਚ ਫਿਲਮਾਇਆ ਜਾ ਰਿਹਾ ਸੀ। ਸੈੱਟ 'ਤੇ ਸ਼ਾਊਂਡ..ਰੋਲ..ਕੈਮਰਾ.. ਐਕਸ਼ਨ..ਤੋਂ ਬਾਅਦ ਕੱਟ-ਕੱਟ ਤੋਂ ਬਾਅਦ ਸੀਨ ਓਕ ਹੋਇਆਂ ਤਾਂ ਫ਼ਿਲਮ ਦੇ ਨਿਰਦੇਸ਼ਕ ਗੁਰਅਮਾਨਤ ਸਿੰਘ ਪਤੰਗਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਫਿਲਮ 'ਬਾਗੀ ਹਵਾਵਾਂ' ਵਿਰਾਸ਼ਤ ਫ਼ਿਲਮਜ਼ ਪ੍ਰੋਡਕਸ਼ਨ ਦੇ ਸਹਿਯੋਗ ਨਾਲ ਬਣ ਰਹੀ ਇਹ ਫਿਲਮ ਵਿਲੇਜਰ ਸਟੂਡਿਓ ਤੇ ਚੌਪਾਲ ਦੀ ਸ਼ਾਨਦਾਰ ਪੇਸ਼ਕਸ਼ ਹੈ। ਫਿਲਮ ਦੇ ਨਿਰਮਾਤਾ ਜਰਨੈਲ ਸਿੰਘ ਤੇ ਭਗਵੰਤ ਵਿਰਕ ਹਨ। ਨਿਰਦੇਸ਼ਕ ਗੁਰਅਮਾਨਤ ਸਿੰਘ ਪਤੰਗਾ ਹਨ। ਕੈਮਰਾਮੈਨ ਅਰੁਨਦੀਪ ਤੇਜੀ ਹਨ। ਸ਼ੂਟਿੰਗ ਸੈੱਟ ਤੇ ਫਿਲਮ ਦੇ ਨਿਰਦੇਸ਼ਕ ਗੁਰਅਮਾਨਤ ਸਿੰਘ ਪਤੰਗਾ ਨੇ ਦੱਸਿਆ ਕਿ ਫਿਲਮ ਦੀ ਕਹਾਣੀ 90 ਦੇ ਦਹਾਕੇ ਦੇ ਪਿੰਡਾਂ ਦੇ ਲੋਕਾਂ ਦੇ ਦਰਦ ਨੂੰ ਬਿਆਨ ਕਰਦੀ ਹੋਈ ਦਰਸ਼ਕਾਂ ਨੂੰ ਆਪਣੇ ਨਾਲ ਜੋੜਦੀ ਹੈ। ਫਿਲਮ ਦੀ ਕਹਾਣੀ ਨਾਲ ਜੁੜਿਆ ਹਰੇਕ ਕਲਾਕਾਰ ਫਿਲਮ ਖੇਤਰ ਨਾਲ ਸੁਲਝਿਆ ਹੋਇਆ ਹੈ। ਜਿਨ੍ਹਾਂ ਵਿੱਚ ਗੁਰਸ਼ਬਦ,ਕੁਲਜਿੰਦਰ ਸਿੱਧੂ,ਜਸਬੀਰ ਗਿੱਲ,ਸੁਖਦੇਵ ਬਰਨਾਲਾ,ਅਦਾਕਾਰਾ ਰਿਚਾ ਭੱਟ,ਗੈਬੀ ਡਸਕਾ,ਦ੍ਰਿਸ਼ਟੀ ਤਲਵਾਰ ਆਦਿ ਨੇ ਖੁੱਭ ਕੇ ਭੂਮਿਕਾਵਾਂ ਨਿਭਾਇਆਂ ਹਨ। ਉਨ੍ਹਾਂ ਦੱਸਿਆ ਕਿ ਫਿਲਮ ਜਲਦੀ ਹੀ ਦਰਸ਼ਕਾਂ ਨੂੰ ਦੇਖਣ ਨੂੰ ਮਿਲੇਗੀ।




## ਮੈਨਪੁਰੀ ਵਿੱਚ ਸਪਾ ਦੇ ਅਸ਼ਲੀਲ ਵਿਵਹਾਰ ਤੋਂ ਨਾਰਾਜ਼ ਕਾਨਪੁਰ ਦੇ ਭਾਜਪਾ ਮੈਂਬਰਾਂ ਨੇ ਮੰਗ ਪੱਤਰ ਦਿੱਤਾ

ਕਾਨਪੁਰ ਲੋਕ ਬਾਣੀ ਸੁਨੀਲ ਬਾਜਪਾਈ- ਕੱਲ੍ਹ ਸ਼ਨੀਵਾਰ ਨੂੰ ਮੈਨਪੁਰੀ ਵਿੱਚ ਸਮਾਜਵਾਦੀ ਪਾਰਟੀ ਦੇ ਮੁਖੀ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦੇ ਰੋਡ ਸ਼ੋਅ ਦੌਰਾਨ ਮਹਾਰਾਣਾ ਪ੍ਰਤਾਪ ਦੀ ਮੂਰਤੀ ਦੀ ਬੇਅਦਬੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਅਪਸ਼ਬਦ ਬੋਲੇ ??ਜਾਣ ਤੋਂ ਨਾਰਾਜ਼ ਭਾਜਪਾ ਮੈਂਬਰਾਂ ਨੇ ਜ਼ਿਲ੍ਹਾ ਮੈਜਿਸਟਰੇਟ ਨੂੰ ਮੰਗ ਪੱਤਰ ਦੇ ਕੇ ਕਾਰਵਾਈ ਕੀਤੀ। ਬਾਬੂ ਪੁਰਵਾ ਦੇ ਏਸੀਪੀ ਅਮਰਨਾਥ ਯਾਦਵ ਰਾਹੀਂ ਮੰਗ ਕੀਤੀ ਹੈ।

ਇਸ ਮੰਗ ਪੱਤਰ ਵਿੱਚ ਕਿਹਾ ਗਿਆ ਕਿ ਸਪਾ ਨੇ ਆਪਣੇ ਸੁਭਾਅ ਅਨੁਸਾਰ ਹਿੰਦੂ ਨੇਤਾ ਅਤੇ ਮੋਹਰੀ ਯੋਧੇ ਮਹਾਰਾਣਾ ਪ੍ਰਤਾਪ ਦੇ ਬੁੱਤ ਦੀ ਬੇਅਦਬੀ ਕੀਤੀ ਹੈ। ਜੋ ਕਿ ਅਤਿ ਨਿੰਦਣਯੋਗ ਹੈ। ਇੰਨਾ ਹੀ ਨਹੀਂ ਸਪਾ ਨੇ ਇਸ ਤੋਂ ਵੀ ਅੱਗੇ ਜਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਅਪਸ਼ਬਦਾਂ ਦੀ ਵਰਤੋਂ ਕੀਤੀ ਹੈ। ਜੋ ਕਿ ਮੁਆਫੀਯੋਗ ਹੈ। ਭਾਰਤੀ ਜਨਤਾ ਪਾਰਟੀ ਸਮਾਜਵਾਦੀ ਪਾਰਟੀ ਦੇ ਇਸ ਅਸ਼ਲੀਲ ਵਿਹਾਰ ਦੀ ਸਖ਼ਤ ਨਿਖੇਧੀ ਕਰਦੀ ਹੈ।

ਏ.ਸੀ.ਪੀ ਨੂੰ ਦਿੱਤੇ ਮੰਗ ਪੱਤਰ 'ਚ ਭਾਜਪਾ ਮੈਂਬਰਾਂ ਨੇ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਐੱਸ.ਪੀ. ਦਾ ਇਹ ਕੁਕਰਮ ਦੇਸ਼ਧ੍ਰੋਹ ਤੋਂ ਘੱਟ ਨਹੀਂ ਹੈ, ਇਸ ਲਈ ਸਿਆਸੀ ਪਾਰਟੀ ਨੂੰ ਚਾਹੀਦਾ ਹੈ ਕਿ ਅਜਿਹੇ ਅਰਾਜਕਤਾ ਕਰਨ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਕੇਸ ਦਰਜ ਕਰਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ? .

ਮੰਗ ਪੱਤਰ ਦੇਣ ਵਾਲਿਆਂ ਵਿੱਚ ਜ਼ਿਲ੍ਹਾ ਪ੍ਰਧਾਨ ਸ਼ਿਵਰਾਮ ਸਿੰਘ, ਵਿਧਾਇਕ ਮਹੇਸ਼ ਤ੍ਰਿਵੇਦੀ, ਸੁਨੀਲ ਨਾਰੰਗ, ਰਾਮਦੇਵ ਸ਼ੁਕਲਾ, ਪ੍ਰਕਾਸ਼ ਵੀਰ ਆਰੀਆ, ਗਣੇਸ਼ ਸ਼ੁਕਲਾ, ਮਨੀਸ਼ ਤ੍ਰਿਪਾਠੀ, ਰਾਮ ਬਹਾਦਰ ਯਾਦਵ, ਰਾਜਨ ਚੌਹਾਨ, ਰਾਜੂ ਬਾਜਪਾਈ, ਸੰਜੇ ਦੂਬੇ ਆਦਿ ਹਾਜ਼ਰ ਸਨ।

# ਵਾਵਰੋਲਿਆਂ ਦੇ ਦਰਮਿਆਨ ਕਾਵਿ ਸੰਗ੍ਰਹਿ ਸਾਹਿਤ ਸਭਾ ਵਲੋਂ ਲੋਕ ਅਰਪਣ

## ਨਵ ਪੰਜਾਬੀ ਸਾਹਿਤ ਸਭਾ ਕੋਟ ਈਸੇ ਖਾਂ ਦੀ ਮਹੀਨਾਵਾਰ ਮੀਟਿੰਗ ਹੋਈ




**ਕੋਟ ਈਸੇ ਖਾਂ ਲੋਕ ਬਾਣੀ (ਮਨੀ ਅਰੋੜਾ)** ਨਵ ਪੰਜਾਬੀ ਸਾਹਿਤ ਸਭਾ ਵਲੋਂ ਮਾਂ ਬੋਲੀ ਪੰਜਾਬੀ ਅਤੇ ਪੁਸਤਕ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਇਲਾਕੇ ਵਿੱਚ ਜ਼ਿਕਰਯੋਗ ਕਾਰਜ ਕੀਤਾ ਜਾ ਰਿਹਾ ਹੈ।ਇਸ ਵਾਰ ਮਾਸਟਰ ਸ਼ਮਸ਼ੇਰ ਸਿੰਘ ਦੀ ਪ੍ਰਧਾਨਗੀ ਹੇਠ ਸਰਕਾਰੀ ਹਾਈ ਸਕੂਲ ਕੋਟ ਇਸੇ ਖਾਂ ਵਿਖੇ ਹੋਈ। ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਉੱਘੇ ਸ਼ਾਇਰ ਲਾਲੀ ਕਰਤਾਰਪੁਰੀ ਹਾਜ਼ਰ ਹੋਏ। ਇਸ ਸੰਬਧੀ ਜਾਣਕਾਰੀ ਦਿੰਦਿਆਂ ਸਭਾ ਦੇ ਸਕੱਤਰ ਵਿਵੇਕ ਕੁਮਾਰ ਕੋਟ ਈਸੇ ਖਾਂ ਨੇ ਦੱਸਿਆ ਕਿ ਇਹ ਮੀਟਿੰਗ ਦੋ ਪੜਾਅ ਵਿੱਚ ਰਹੀ। ਪਹਿਲੇ ਦੌਰ ਵਿੱਚ ਕਵੀ ਦਰਬਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਸ਼ਮਸ਼ੇਰ ਸਿੰਘ,ਜੀਵਨ ਸਿੰਘ ਹਾਣੀ, ਯਸ਼ਪਾਲ ਗੁਲਾਟੀ, ਸੁਖਬੀਰ ਮੁਹੱਬਤ, ਵਿਵੇਕ ਕੁਮਾਰ, ਜਗਜੀਤ ਸਿੰਘ ਝਤਰਾ, ਬਲਵਿੰਦਰ ਸਿੰਘ ਬੀ ਏ, ਦਲਜੀਤ ਸਿੰਘ, ਰਜਿੰਦਰ ਕੁਮਾਰ, ਸੁਖਰਾਜ ਜੀਰਾ, ਗੁਰਪ੍ਰੀਤ ਸਿੰਘ ਕੈਲਵੀ, ਜਸਵਿੰਦਰ ਸਿੰਘ ਸੰਧੂ,ਹਰੀ ਸਿੰਘ ਚੌਹਾਨ, ਗੁਰਜੀਤ ਸਿੰਘ, ਸਿਮਰਜੀਤ ਸਿੰਮੀ, ਸੁਖਦੇਵ ਭੱਟੀ,ਪਵਨ ਅਰੋੜਾ,ਚੰਦਰ ਮੋਹਨ, ਜਗਦੀਸ਼ ਲਾਲ ਭਗਤ, ਨੇ ਕਵਿਤਾਵਾਂ ਸੁਣਾ ਕੇ ਸ਼ਾਇਰਾਨਾ ਮਾਹੌਲ ਦੀ ਸਿਰਜਣਾ ਕੀਤੀ। ਪੇਸ਼ ਰਚਨਾਵਾਂ ਦੀ ਪੜਚੋਲ ਪੰਜਾਬੀ ਚਿੰਤਕ ਜੀਤਾ ਸਿੰਘ ਨਾਰੰਗ ਨੇ ਵਧੀਆ ਅੰਦਾਜ਼ ਵਿਚ ਕੀਤੀ ਅਤੇ ਆਪਣੇ ਸੁਝਾਅ ਵੀ ਦਿੱਤੇ। ਦੂਜੇ ਦੌਰ ਵਿੱਚ ਮੁੱਖ ਮਹਿਮਾਨ ਨੇ ਆਪਣੇ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਵਿਚੋ ਚੌਣਵੀਆ ਰਚਨਾਵਾਂ ਦੀ ਸਰੋਤਿਆਂ ਨਾਲ ਸਾਂਝ ਪਾਈ।ਇਸ ਦੌਰਾਨ ਗੁਰਮੀਤ ਕੜਿਆਲਵੀ ਨੇ ਪੁਸਤਕ ਵਾਵਰੋਲਿਆਂ ਦੇ ਦਰਮਿਆਨ ਨੂੰ ਸਮੇਂ ਦੇ ਹਾਣ ਦੀ ਪੁਸਤਕ ਦੱਸਦਿਆਂ ਕਿਹਾ ਕਿ ਇਹ ਪੁਸਤਕ ਕਵਿਤਾ ਦਾ ਨਵਾਂ ਰਾਹ ਪੇਸ਼ ਕਰਦੀ ਪ੍ਰਤੀਤ ਹੁੰਦੀ ਹੈ।ਅੰਤ ਵਿਚ ਸਭਾ ਦੀ ਸਮੁੱਚੀ ਕਾਰਜਕਾਰਣੀ ਅਤੇ ਹਾਜ਼ਰ ਮੈਂਬਰਾਂ ਵਲੋਂ ਪੁਸਤਕ ਵਾਵਰੋਲਿਆਂ ਦੇ ਦਰਮਿਆਨ ਨੂੰ ਲੋਕ ਅਰਪਣ ਕਰਨ ਦੀ ਰਸਮ ਨਿਭਾਈ ਅਤੇ ਮੁੱਖ ਮਹਿਮਾਨ ਨੂੰ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਲਈ ਮੁਬਾਰਕਬਾਦ ਪੇਸ਼ ਕੀਤੀ। ਲੇਖਕ ਜਗਜੀਤ ਸਿੰਘ ਝਤਰਾ ਨੇ ਸ਼ਹੀਦ ਊਧਮ ਸਿੰਘ ਦਾ ਪੋਸਟਰ ਸਭਾ ਨੂੰ ਭੇਂਟ ਕੀਤਾ। ਸਮੁੱਚੇ ਪ੍ਰੋਗਰਾਮ ਦਾ ਪ੍ਰਬੰਧ ਪਵਨ ਕੁਮਾਰ ਨੇ ਸੁੱਚਜੇ ਢੰਗ ਨਾਲ ਨਿਭਾਇਆ। ਸਭਾ ਦੀ ਇਸ ਮੀਟਿੰਗ ਦੌਰਾਨ ਪ੍ਰਧਾਨ ਵੱਲੋਂ ਆਏ ਹੋਏ ਮੈਂਬਰਾਂ ਅਤੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ।

# ਗਵਰਨਰ ਦੇ ਸਲਾਹਕਾਰ ਸ੍ਰੀ ਰਾਜੀਵ ਵਰਮਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਹੋਏ ਨਤਮਸਤਕ




ਸ੍ਰੀ ਅਨੰਦਪੁਰ ਸਾਹਿਬ ਲੋਕ ਬਾਣੀ (ਦਵਿੰਦਰਪਾਲ ਸਿੰਘ): ਪੰਜਾਬ ਦੇ ਗਵਰਨਰ ਸ੍ਰੀ ਬਨਵਾਰੀ ਲਾਲ ਪੁਰੋਹਿਤ ਦੇ ਸਲਾਹਕਾਰ ਸ੍ਰੀ ਰਾਜੀਵ ਵਰਮਾ ਅੱਜ ਆਪਣੇ ਪਰਿਵਾਰ ਸਮੇਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਨਤਮਸਤਕ ਹੋਏ ਜਿੱਥੇ ਉਹਨਾਂ ਨੇ ਪਵਿੱਤਰ ਗੁਰਬਾਣੀ ਦੇ ਕੀਰਤਨ ਦਾ ਆਨੰਦ ਮਾਣਿਆ। ਇਸ ਦੌਰਾਨ ਉਹਨਾਂ ਵਿਰਾਸਤ ਏ ਖਾਲਸਾ ਦਾ ਵੀ ਦੌਰਾ ਕੀਤਾ ਜਿੱਥੇ ਸਿੱਖ ਇਤਿਹਾਸ ਦੀ ਵਿਸਥਾਰਤ ਜਾਣਕਾਰੀ ਪ੍ਰਾਪਤ ਕਰਕੇ ਬਹੁਤ ਪ੍ਰਭਾਵਿਤ ਹੋਏ।ਇਸ ਤੋਂ ਪਹਿਲਾਂ ਸ੍ਰੀ ਰਾਜੀਵ ਵਰਮਾ ਆਪਣੇ ਪਰਿਵਾਰ ਸਮੇਤ ਮਾਤਾ ਸ੍ਰੀ ਨੈਣਾ ਦੇਵੀ ਜੀ ਵੀ ਗਏ ਜਿੱਥੇ ਉਹਨਾਂ ਨੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਉਹਨਾਂ ਭਾਖੜਾ ਡੈਮ ਦਾ ਵੀ ਦੌਰਾ ਕੀਤਾ।ਇਸ ਮੌਕੇ ਕੁਲਵਿੰਦਰ ਗਿੱਲ ਨਾਇਬ ਤਹਿਸੀਲਦਾਰ ਨੰਗਲ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ (ਈ.ਓ) ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ , ਹਰਪ੍ਰੀਤ ਸਿੰਘ ਸੂਚਨਾ ਅਫਸਰ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵੀ ਹਾਜ਼ਰ ਸਨ।




publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਲੋਕ ਲਹਿਰ ਬਣਨ ਲੱਗਾ ਸੀਵਰੇਜ਼ ਖਿਲਾਫ ਲੱਗਿਆ ਧਰਨਾ, ਮੁੱਖ ਮੰਤਰੀ ਦੀ ਆਮਦ ਤੇ ਪ੍ਰਸ਼ਾਸਨ ਤੋਂ ਮਸਲੇ ਦੇ ਹੱਲ ਦੀ ਮੰਗ




ਮਾਨਸਾ ( ਲੋਕ ਬਾਣੀ)ਵੋਇਸ ਆਫ ਮਾਨਸਾ ਵੱਲੋਂ ਸ਼ਹਿਰ ਦੀਆਂ ਸਮਾਜਿਕ ਜਥੇਬੰਦੀਆਂ ਨਾਲ ਰਲ ਕੇ ਸੀਵਰੇਜ ਦੀ ਸਮੱਸਿਆ ਦੇ ਪੱਕੇ ਹੱਲ ਕਰਵਾਉਣ ਲਈ ਚੱਲ ਰਿਹਾ ਧਰਨਾ ਅੱਜ ਪੰਜਵੇਂ ਦਿਨ ਦਾਖਲ ਹੋਇਆ। ਅੱਜ ਪੰਜਵੇਂ ਦਿਨ ਧਰਨੇ ਦੀ ਸ਼ੁਰੂਆਤ ਕਰਦਿਆਂ ਵੋਇਸ ਆਫ ਮਾਨਸਾ ਦੇ ਪ੍ਰਧਾਨ ਡਾਕਟਰ ਜਨਕ ਰਾਜ ਸਿੰਗਲਾ ਨੇ ਕਿਹਾ ਕਿ ਪ੍ਰਸ਼ਾਸਨ ਸਾਡੀ ਪਰਖ ਨਾ ਕਰੇ ਕਿਉਂਕਿ ਲੋਕ ਰੋਹ ਵਧਣ ਕਰਕੇ ਇਹ ਧਰਨਾ ਹੁਣ ਲੋਕ ਲਹਿਰ ਬਣ ਗਿਆ ਹੈ ਤੇ ਲੋਕ ਸਮੱਸਿਆ ਦਾ ਛੇਤੀ ਹੱਲ ਕਰਵਾਉਣਾ ਚਾਹੁੰਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਕੱਲ ਛੇ ਤਰੀਕ ਨੂੰ ਵੋਇਸ ਆਫ ਮਾਨਸਾ ਤੇ ਜਿਲ੍ਹੇ ਦੀਆਂ ਹੋਰ ਸੰਸਥਾਵਾਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਇਕੱਠੀਆਂ ਹੋ ਕੇ ਵਿਸ਼ੇਸ਼ ਇਕੱਠ ਕਰ ਰਹੀਆਂ ਨੇ ਜਿਸ ਵਿੱਚ ਅਸੀਂ ਇਹ ਮਸਲੇ ਨੂੰ ਹੋਰ ਵਿਚਾਰਿਆ ਜਾਵੇਗਾ ਅਤੇ ਇਸ ਧਰਨੇ ਤੇ ਸੰਘਰਸ਼ ਨੂੰ ਲੋਕ ਰਾਇ ਅਨੁਸਾਰ ਨਵਾਂ ਰੂਪ ਦਿੱਤਾ ਜਾਵੇਗਾ। ਸੰਸਥਾ ਦੇ ਮੀਤ ਪ੍ਰਧਾਨ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਨੇ ਕਿਹਾ ਕਿ ਇਸ ਗੰਭੀਰ ਸਮੱਸਿਆ ਨੂੰ ਸਮਝਦੇ ਹੋਏ ਪ੍ਰਸ਼ਾਸਨ ਅਤੇ ਰਾਜਨੀਤਿਕ ਲੋਕਾਂ ਨੂੰ ਅੱਗੇ ਆ ਕੇ ਇਹਦਾ ਹੱਲ ਕੱਢਣਾ ਚਾਹੀਦਾ ਉਹਨਾਂ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਕਿ ਇਹ ਜਿਹੜਾ ਧਰਨਾ ਕਿਸੇ ਵਿਅਕਤੀ ਵਿਸ਼ੇਸ਼ ਦੇ ਜਾਂ ਕਿਸੇ ਪਾਰਟੀ ਦੇ ਖਿਲਾਫ ਨਹੀਂ, ਇਹ ਸਿਰਫ ਲੋਕਾਂ ਨੂੰ ਪੇਸ਼ ਆ ਰਹੀ ਸੀਵਰੇਜ ਦੀ ਸਮੱਸਿਆ ਦੇ ਹੱਲ ਨੂੰ ਲੈ ਕੇ ਲਾਇਆ ਗਿਆ ਅੱਜ ਧਰਨੇ ਦੇ ਪੰਜਵੇਂ ਦਿਨ ਨੂੰ ਪੰਜ ਹੋਰ ਮੈਂਬਰ ਜਿਹੜੇ ਭੁੱਖ ਹੜਤਾਲ ਤੇ ਬੈਠੇ ਜਿਨਾਂ ਵਿੱਚ ਹਰਿੰਦਰ ਸਿੰਘ ਮਾਨਸ਼ਾਹੀਆ, ਡਾਕਟਰ ਸੰਦੀਪ ਘੰਡ, ਬਿੱਕਰ ਮਘਾਣੀਆਂ, ਹਰਦੀਪ ਸਿੰਘ ਸਿੱਧੂ ਅਤੇ ਪਰਸ਼ੋਤਮ ਲਾਲ ਸ਼ਾਮਿਲ ਸਨ। ਇਸ ਮੌਕੇ ਜਤਿੰਦਰ ਆਗਰਾ ਸਾਬਕਾ ਐਮ ਸੀ, ਘਨੀਸਾਮ ਨਿੱਕੂ ਨੇ ਕਿਹਾ ਕਿ ਸੀਵਰੇਜ ਦੀ ਸਮੱਸਿਆ ਕਹਿੰਦੇ ਹੋਈ ਸਾਨੂੰ ਇੱਕ ਸ਼ਰਮ ਮਹਿਸੂਸ ਹੁੰਦੀ ਹੈ ਕਿ ਸਰਕਾਰਾਂ ਅਜਿਹੀਆਂ ਸਾਡੀਆਂ ਮੁਢਲੀਆਂ ਲੋੜਾਂ ਹੀ ਪੂਰੀਆਂ ਹੋ ਰਹੀਆਂ।ਇਹ ਸੀਵਰੇਜ ਦੀ ਸਮੱਸਿਆ ਜਿਹੜੀਆਂ ਘਰਾਂ ਤੱਕ ਬਹੁਤ ਅੱਜ ਦੇ ਸਮੇਂ ਚ ਬਹੁਤ ਦੂਰ ਤੱਕ ਪਹੁੰਚਗੀ ਤੇ ਜੇਕਰ ਕੱਲ ਨੂੰ ਜਦੋਂ ਮੀਂਹ ਵਗੈਰਾ ਜਿਸ ਤਰ੍ਹਾਂ ਪੈਣ ਦੀ ਸੰਭਾਵਨਾ ਤੇ ਉਹਦੇ ਨਾਲ ਇਹ ਹਾਲਾਤ ਹੋਰ ਵੱਧ ਤੋਂ ਬਦਤਰ ਹੁੰਦੇ ਜਾ ਰਹੇ ਹ। ਧਰਨੇ ਨੂੰ ਸੰਬੋਧਨ ਕਰਦਿਆ ਸ਼ਹਿਰ ਦੇ ਨਾਗਰਿਕਾਂ ਅਤੇ ਵੱਖ ਵੱਖ ਆਗੂਆਂ ਜਿੰਨਾ ਵਿੱਚ ਸਵਰਨਜੀਤ ਸਿੰਘ ਦਲਿਓ, ਵਿਸ਼ਵਦੀਪ ਬਰਾੜ, ਉਮ ਪ੍ਰਕਾਸ਼ ਜਿੰਦਲ ਰਿਟਾਇਰਡ ਤਹਿਸੀਲਦਾਰ,ਸੀਨੀਅਰ ਸੀਟੀਜਨ ਦੇਵਿੰਦਰ ਟੈਕਸਲਾ,ਗੁਰਦੇਵ ਸਿੰਘ ਘੁਮਾਣ,ਸੇਠੀ ਸਿੰਘ ਸਰਾਂ,ਬਾਦਸ਼ਾਹ ਸਿੰਘ ,ਪ੍ਰਿਤਪਾਲ ਸਿੰਘ,ਜਗਸੀਰ ਸਿੰਘ ਰਿਟਾਇਰਡ ਇੰਸਪੈਕਟਰ, ਗੁਰਮੇਲ ਕੌਰ ਜੋਸ਼ੀ,ਭੁਪਿੰਦਰ ਸਿੰਘ ਤੱਗੜ ਰਾਜ ਜੋਸ਼ੀ,ਸਰਬਜੀਤ ਕੌਸ਼ਲ, ਅਸ਼ੋਕ ਬਾਂਸਲ, ਇਕਬਾਲ ਸਿੰਘ, ਰਾਮ ਕ੍ਰਿਸ਼ਨ ਚੁੱਘ, ਅਵਤਾਰ ਸਿੰਘ ਖਾਲਸਾ,ਲਾਲ ਚੰਦ,ਕਾਮਰੇਡ ਰਾਜ ਕੁਮਾਰ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆ ਕਿਹਾ ਕਿ ਸਾਡੀ ਸਮੱਸਿਆ ਸਮੂਹ ਸ਼ਹਿਰ ਵਾਸੀਆਂ ਦੀ ਮੁੱਢਲੀ ਜਰੂਰਤ ਹੈ ਇਸ ਲਈ ਸੰਜ਼ੀਦਗੀ ਨਾਲ ਸਰਕਾਰ ਨੂੰ ਸਾਡੀ ਸਮਸਿਆ ਦਾ ਹਲ ਕਰਨਾ ਚਾਹੀਦਾ ਹੈ।

ਬਲਬੀਰ ਸਿੰਘ ਅਰਗੋਈਆ ਅਤੇ ਵਾਤਾਵਰਣ ਪ੍ਰੇਮੀ ਮਨੀਸ਼ ਚੋਧਰੀ ਨੇ ਧਰਨੇ ਦੇ ਵਿੱਚ ਪਹੁੰਚ ਕੇ ਸੀਵਰੇਜ ਸਿਸਟਮ ਸਬੰਧੀ ਗੀਤ ਨਾਲ ਹਾਜਰੀ ਲਵਾਈ।

## ਕਰਮਚਾਰੀ ਚੋਣ ਡਿਊਟੀ ਕਟਵਾਉਣ ਲਈ ਨਾ ਕਰਨ ਸਿਫਾਰਿਸ਼ : ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ




ਸਹੀਦ ਭਗਤ ਸਿੰਘ ਨਗਰ ਲੋਕ ਬਾਣੀ– ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ੍ਰੀ ਨਵਜੋਤ ਪਾਲ ਸਿੰਘ ਰੰਧਾਵਾ ਆਈਏਐਸ ਨੇ ਕਿਹਾ ਹੈ ਕਿ ਚੋਣਾਂ ਲੋਕਤੰਤਰ ਦਾ ਅਧਾਰ ਸੰਤਭ ਹਨ ਅਤੇ ਚੋਣਾਂ ਵਿਚ ਡਿਊਟੀ ਕਰਨਾ ਸਾਡੇ ਮਹਾਨ ਦੇਸ਼ ਦੇ ਲੋਕਤੰਤਰ ਨੂੰ ਮਜਬੂਤ ਕਰਨ ਵਿਚ ਹਿੱਸੇਦਾਰੀ ਪਾਉਣ ਦਾ ਮਾਣਮੱਤਾ ਕਾਰਜ ਹੈ। ਇਸ ਲਈ ਜਿੰਨ੍ਹਾਂ ਕਰਮਚਾਰੀਆਂ ਦੀ ਡਿਊਟੀ ਚੋਣ ਪ੍ਰਕਿਰਿਆ ਵਿਚ ਲੱਗੀ ਹੈ ਉਹ ਆਪਣੀ ਸਰਕਾਰੀ ਨੌਕਰੀ ਦੇ ਹਿੱਸੇ ਵਜੋਂ ਇਸ ਡਿਊਟੀ ਨੂੰ ਤਨਦੇਹੀ, ਲੋਕਤੰਤਰ ਪੂਰੀ ਸੱਚੀ ਨਿਸਠਾ ਤੇ ਪੂਰੀ ਨਿਰਪੱਖਤਾ ਨਾਲ ਕਰਨ ਅਤੇ ਡਿਊਟੀ ਕਟਵਾਉਣ ਲਈ ਉਨ੍ਹਾਂ ਦੇ ਦਫ਼ਤਰ ਤੱਕ ਪਹੁੰਚ ਨਾ ਕਰਨ। ਉਨ੍ਹਾਂ ਨੇ ਕਿਹਾ ਕਿ ਚੋਣ ਡਿਊਟੀ ਵਿਚ ਅਣਗਹਿਲੀ ਕਰਮਚਾਰੀ ਦੇ ਸੇਵਾ ਨਿਯਮਾਂ ਵਿਚ ਗੰਭੀਰ ਕੁਤਾਹੀ ਮੰਨੀ ਜਾਂਦੀ ਹੈ ਇਸ ਲਈ ਕੋਈ ਵੀ ਚੋਣ ਡਿਊਟੀ ਤੋਂ ਗੈਰ ਹਾਜਰ ਨਾ ਹੋਵੇ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਕਰਮਚਾਰੀਆਂ ਦੀ ਡਿਊਟੀ ਕਿਸੇ ਵੀ ਹਾਲਤ ਵਿਚ ਕੱਟੀ ਨਹੀਂ ਜਾਵੇਗੀ। ਵਧੀਕ ਜ਼ਿਲ੍ਹਾ ਚੋਣ ਅਫਸਰ ਕਮ ਵਧੀਕ ਡਿਪਟੀ ਕਮਿਸ਼ਨਰ(ਜ) ਰਾਜੀਵ ਵਰਮਾ ਨੇ ਚੋਣ ਡਿਊਟੀ ਤੇ ਤੈਨਾਤ ਕਰਮਚਾਰੀਆਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨ ਨੂੰ ਯਕੀਨੀ ਬਣਾਉਣ।ਇਸ ਤੋਂ ਇਲਾਵਾ ਕੋਈ ਵੀ ਕਰਮਚਾਰੀ ਡਿਊਟੀ ਕਟਾਉਣ ਲਈ ਉਨ੍ਹਾਂ ਦੇ ਦਫਤਰ ਵਿਖੇ ਪਹੁੰਚ ਨਾ ਕਰੇ।ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਕਰਮਚਾਰੀ ਡਿਊਟੀ ਵਿੱਚ ਕੋਤਾਹੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਧਾਰਾ 134 ਅਧੀਨ ਐਫ.ਆਈ.ਆਰ ਅਤੇ ਵਿਭਾਗੀ ਦੇ ਨਿਯਮਾਂ ਅਨੁਸਾਰ ਕਰਵਾਈ ਕੀਤੀ ਜਾਵੇਗੀ।

## ਗੁਰਪ੍ਰੀਤ ਸਿੰਘ ਕਾਂਗੜ ਨੇ ਜੇਠੀ ਪਰਿਵਾਰ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ



ਰਾਮਪੁਰਾ ਫੂਲ, – ਸ਼ਸ਼ੀ ਬਾਲਾ ਪਤਨੀ ਸੀਤਾ ਰਾਮ ਦੀਪਕ ਪ੍ਰਧਾਨ ਜਨ ਕਲਿਆਣ ਸਭਾ ਦਾ ਦਿਹਾਂਤ ਹੋਣ ਨਾਲ ਜੇਠੀ ਪਰਿਵਾਰ ਨੂੰ ਗਹਿਰਾ ਸਦਮਾ ਲੱਗਿਆ ਹੈ। ਸ਼ਸ਼ੀ ਬਾਲਾ ਪਰਿਵਾਰਿਕ ਜ਼ਿੰਮੇਵਾਰੀਆਂ ਦੇ ਨਾਲ ਨਾਲ ਆਪਣਾ ਸਾਦਾ ਜੀਵਨ ਬਤੀਤ ਕਰਕੇ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਇਸ ਦੁੱਖ ਦੀ ਘੜੀ ਵਿੱਚ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਕਾਂਗੜ, ਪੰਜਾਬ ਖਾਦੀ ਉਦਯੋਗ ਬੋਰਡ ਦੇ ਚੇਅਰਮੈਨ ਇੰਦਰਜੀਤ ਮਾਨ, ਸੀਨੀਅਰ ਕਾਂਗਰਸੀ ਆਗੂ ਜੱਸ ਬੱਜੋਆਣਾ, ਨਰਿੰਦਰ ਭਲੇਰੀਆ, ਸੰਜੀਵ ਢੀਂਗਰਾ ਟੀਨਾ, ਕਰਮਜੀਤ ਸਿੰਘ ਖਾਲਸਾ, ਮੁਕੇਸ਼ ਭੱਠੇ ਵਾਲਾ, ਅਸ਼ੋਕ ਕੁਮਾਰ ਆੜਤੀਆ, ਰਾਮ ਕਿਸ਼ਨ ਲਾਲਾ, ਅਕਾਲੀ ਦਲ ਅਕਾਲੀ ਦਲ ਹਲਕਾ ਰਾਮਪੁਰਾ ਫੂਲ ਦੇ ਮੁੱਖ ਸੇਵਾਦਾਰ ਹਰਿੰਦਰ ਸਿੰਘ ਹਿੰਦਾ, ਜਸ ਪਿਪਲੀ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਨੀਲ ਬਿੱਟਾ, ਸੁਰਜੀਤ ਐਮ.ਸੀ, ਅਰੋੜਵੰਸ਼ ਸਭਾ ਦੇ ਪ੍ਰਧਾਨ ਅਸ਼ੋਕ ਕੁਮਾਰ ਅਰੋੜਾ, ਪ੍ਰਵੀਨ ਕੋਹਲੀ, ਜਸਕਰਨ ਬਾਂਸਲ ਜੱਸੀ ਬਾਬਾ, ਸਾਬਕਾ ਕੌਂਸਲਰ ਰਕੇਸ਼ ਕੁਮਾਰ, ਧਰਮਪਾਲ ਢੱਡਾ, ਐਡਵੋਕੇਟ ਵਿਮਲ ਕੁਮਾਰ, ਵਰਿੰਦਰ ਭਾਟੀਆ, ਸੰਦੀਪ ਕੁਮਾਰ ਭੋਲਾ, ਡਾ. ਆਸ਼ੂ ਭਾਈਰੂਪਾ, ਦੀਵਾਨ ਸਿੰਘ ਡਿੱਖ, ਮੇਜਰ ਸਿੰਘ ਮਾਨ ਗਹਿਰੀ ਬਾਰਾਂ ਸਿੰਘ, ਸਹਿਰ ਦੀਆਂ ਸਮੂਹ ਸਮਾਜ਼ ਸੇਵੀ ਸੰਸਥਾਵਾਂ ਦੇ ਆਗੂ, ਧਾਰਮਿਕ ਸੰਸਥਾਵਾਂ ਤੇ ਰਾਜਨੀਤਕ ਆਗੂਆਂ ਨੇ ਜੇਠੀ ਪਰਿਵਾਰ ਨਾਲ ਦੁੱਖ ਦੀ ਘੜੀ ਵਿਚ ਸ਼ਾਮਿਲ ਹੋ ਕੇ ਹਮਦਰਦੀ ਪ੍ਰਗਟ ਕੀਤੀ। ਸ਼ਸ਼ੀ ਬਾਲਾ ਨਮਿੱਤ ਪਾਠ ਦਾ ਭੋਗ 12 ਮਈ ਦਿਨ ਐਤਵਾਰ ਨੂੰ ਸ਼ਾਂਤੀ ਹਾਲ ਵਿਖੇ ਦੁਪਹਿਰ 1 ਵਜੇ ਪਵੇਗਾ।

# ਰਾਹੁਲ ਬਾਬਾ ਚੋਣ ਲੜਨ ਲਈ ਇਧਰ-ਉਧਰ ਭੱਜ ਰਹੇ ਹਨ: ਅਮਿਤ ਸ਼ਾਹ

**ਚੰਡੀਗੜ੍ਹ ਲੋਕ ਬਾਣੀ-** ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਮਿਤ ਸ਼ਾਹ ਨੇ ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਤਹਿਤ ਦਮਨ ਅਤੇ ਦੀਵ ਵਿੱਚ ਆਯੋਜਿਤ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਾਂਗਰਸ ਅਤੇ ਖਾਸ ਕਰਕੇ ਰਾਹੁਲ ਗਾਂਧੀ ਨੂੰ ਆੜੇ ਹੱਥੀਂ ਲਿਆ। ਭਾਰਤੀ ਰਾਜਨੀਤੀ ਦੇ ਆਪਣੇ ਸਕੂਲ ਵਿੱਚ ਅਮਿਤ ਸ਼ਾਹ ਨੇ ਸਪੱਸ਼ਟ ਕੀਤਾ ਕਿ, 'ਰਾਹੁਲ ਬਾਬਾ ਚੋਣ ਲੜਨ ਲਈ ਇਧਰ-ਉਧਰ ਭੱਜ ਰਹੇ ਹਨ। ਸੀਟ ਨੂੰ ਲੈ ਕੇ ਕੋਈ ਸਮੱਸਿਆ ਨਹੀਂ ਹੈ, ਸਮੱਸਿਆ ਰਾਹੁਲ ਦੀ ਹੈ, ਉਹ ਜਿੱਥੇ ਵੀ ਜਾਣਗੇ, ਹਾਰ ਜਾਣਗੇ।

ਅਮੇਠੀ ਅਤੇ ਰਾਏਬਰੇਲੀ ਕਾਂਗਰਸ ਲਈ ਰਵਾਇਤੀ ਸੀਟਾਂ ਰਹੀਆਂ ਹਨ। ਸਿਫ਼ਰ 'ਤੇ ਸੁੰਗੜ ਰਹੀ ਕਾਂਗਰਸ ਦੀ ਹਾਲਤ ਇਹ ਹੈ ਕਿ ਅਮੇਠੀ ਤੋਂ ਹਾਰਨ ਤੋਂ ਬਾਅਦ ਰਾਹੁਲ ਗਾਂਧੀ ਵਾਇਨਾਡ ਤੋਂ ਲੜਨ ਦੀ ਕੋਸ਼ਿਸ਼ ਕਰਦੇ ਹਨ ਅਤੇ ਹੁਣ 2024 'ਚ ਰਾਏਬਰੇਲੀ ਤੋਂ ਚੋਣ ਲੜਨ ਜਾ ਰਹੇ ਹਨ। ਰਾਜਨੀਤੀ ਦੀ ਮਾਮੂਲੀ ਸਮਝ ਰੱਖਣ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਰਾਹੁਲ ਗਾਂਧੀ ਨੂੰ ਲਾਂਚ ਕਰਨ ਲਈ ਲਗਭਗ 20 ਸਾਲਾਂ ਤੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਹਰ ਵਾਰ ਉਨ੍ਹਾਂ ਦੀ ਲਾਂਚਿੰਗ ਅਸਫਲ ਸਾਬਤ ਹੋ ਰਹੀ ਹੈ। ਭਾਰਤੀ ਰਾਜਨੀਤੀ ਦੇ ਚਾਣਕਯ ਅਮਿਤ ਸ਼ਾਹ ਨੇ ਦਾਅਵਾ ਕੀਤਾ ਹੈ ਕਿ ਰਾਹੁਲ ਨਾਮ ਦੀ ਗੱਡੀ 21 ਤਰੀਕ ਦੇ ਟਰਾਇਲ ਵਿੱਚ ਵੀ ਕ੍ਰੈਸ਼ ਹੋ ਜਾਵੇਗੀ।




ਆਜ਼ਾਦੀ ਤੋਂ ਬਾਅਦ ਇਸ ਦੇਸ਼ ਵਿੱਚ ਦਹਾਕਿਆਂ ਤੱਕ ਕਾਂਗਰਸ ਦਾ ਰਾਜ ਰਿਹਾ। ਕਾਂਗਰਸ ਦੇ ਰਾਜ ਦੌਰਾਨ ਅੱਤਵਾਦ, ਨਕਸਲਵਾਦ ਅਤੇ ਕੱਟੜਵਾਦ ਆਪਣੇ ਸਿਖਰ 'ਤੇ ਸਨ। ਪਿਛਲੇ 10 ਸਾਲਾਂ ਵਿੱਚ ਮੋਦੀ ਜੀ ਦੀ ਅਗਵਾਈ ਅਤੇ ਅਮਿਤ ਸ਼ਾਹ ਦੀ ਯੋਗ ਅਗਵਾਈ ਵਿੱਚ ਦੇਸ਼ ਭਰ ਵਿੱਚੋਂ ਅੱਤਵਾਦ ਅਤੇ ਨਕਸਲਵਾਦ ਦਾ ਪੂਰੀ ਤਰ੍ਹਾਂ ਸਫਾਇਆ ਹੋ ਚੁੱਕਾ ਹੈ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਸਥਾ ਦੇ ਪ੍ਰਤੀਕਾਂ ਨੂੰ ਪਾਲਣ ਦੇ ਨਾਲ-ਨਾਲ ਵਿਕਾਸ ਦੇ ਕੰਮ ਵੀ ਕੀਤੇ ਜਾ ਸਕਦੇ ਹਨ।

ਉਦਾਹਰਣ ਵਜੋਂ, ਰਾਮ ਮੰਦਰ, ਮਾਂ ਕਾਲੀ ਦੀ ਸਿਖਰ ਨੂੰ ਸਜਾਉਣਾ, ਕਾਸ਼ੀ ਵਿਸ਼ਵਨਾਥ ਕੋਰੀਡੋਰ ਦਾ ਨਿਰਮਾਣ, ਸੋਮਨਾਥ ਦਾ ਸੋਨੇ ਦਾ ਮੰਦਰ ਦੇਖਿਆ ਜਾ ਸਕਦਾ ਹੈ। ਸਨਾਤਨ ਦੀ ਰੱਖਿਆ ਦੇ ਨਾਲ-ਨਾਲ ਮੋਦੀ ਸਰਕਾਰ ਨੇ ਦੇਸ਼ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤ ਨੀਂਹ ਵੀ ਰੱਖੀ ਹੈ। ਅੱਜ ਭਾਰਤ ਨੂੰ ਪੂਰੀ ਦੁਨੀਆ ਵਿੱਚ ਇੱਕ ਨਵੀਂ ਪਛਾਣ ਮਿਲੀ ਹੈ। 11ਵੀਂ ਅਰਥਵਿਵਸਥਾ ਹੋਣ ਤੋਂ ਅੱਜ ਭਾਰਤ 5ਵੀਂ ਅਰਥਵਿਵਸਥਾ ਬਣ ਗਿਆ ਹੈ। ਕਾਂਗਰਸ ਕਾਰਨ ਦਮਨ ਅਤੇ ਦੀਵ ਨੂੰ ਆਜ਼ਾਦੀ ਦੇਰ ਨਾਲ ਮਿਲੀ ਅਤੇ ਇੱਥੇ ਵਿਕਾਸ ਨਹੀਂ ਹੋ ਸਕਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦਮਨ ਅਤੇ ਦੀਵ ਵਿੱਚ ਸੈਰ-ਸਪਾਟਾ ਅਤੇ ਸਥਾਨਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕਈ ਪ੍ਰੋਜੈਕਟਾਂ 'ਤੇ ਕੰਮ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ। ਅੱਜ ਸੈਰ-ਸਪਾਟੇ ਦੇ ਮਾਮਲੇ ਵਿੱਚ ਦਮਨ ਅਤੇ ਦੀਵ ਦੀ ਦੁਨੀਆ ਵਿੱਚ ਇੱਕ ਵੱਖਰੀ ਪਛਾਣ ਹੈ।

ਨਵੇਂ ਭਾਰਤ ਦੇ ਨਿਰਮਾਣ 'ਚ ਲੱਗੇ ਸ਼ਾਹ ਦਾ ਮੰਨਣਾ ਹੈ ਕਿ ਲੋਕ ਸਭਾ ਚੋਣਾਂ ਦੇ ਦੋ ਪੜਾਵਾਂ 'ਚ ਸੈਂਕੜੇ ਲਗਾ ਕੇ ਮੋਦੀ 400 ਦੀ ਦੌੜ 'ਚ ਅੱਗੇ ਨਿਕਲ ਗਏ ਹਨ, ਜਦਕਿ ਦੂਰਬੀਨ ਰਾਹੀਂ ਦੇਖਣ 'ਤੇ ਵੀ ਕਾਂਗਰਸ ਕਿਤੇ ਨਜ਼ਰ ਨਹੀਂ ਆ ਰਹੀ। ਪੂਰੇ ਦੇਸ਼ ਵਿੱਚ ਮੋਦੀ-ਮੋਦੀ ਦੀਆਂ ਗੂੰਜਾਂ ਹਨ ਜੋ ਭਗਵਾ ਹੋਣ ਨੂੰ ਤਿਆਰ ਹਨ। ਵਰਣਨਯੋਗ ਹੈ ਕਿ ਭਾਰਤੀ ਰਾਜਨੀਤੀ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਦੇਣ ਵਾਲੇ ਅਮਿਤ ਸ਼ਾਹ ਖੁਦ ਮੈਦਾਨ ਵਿਚ ਹਨ। ਸ਼ਾਹ ਦੀ ਮੈਦਾਨ ਵਿੱਚ ਮੌਜੂਦਗੀ ਆਪਣੇ ਆਪ ਵਿੱਚ ਜਿੱਤ ਦੀ ਗਾਰੰਟੀ ਹੈ। ਅਜਿਹੇ ਵਿੱਚ ਇਹ ਮੰਨ ਲਿਆ ਜਾਵੇ ਕਿ ਮੋਦੀ ਜੀ 400 ਦਾ ਅੰਕੜਾ ਪਾਰ ਕਰਕੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ ਤੈਅ ਹੈ।

# ਸੁਖਵਿੰਦਰ ਪੱਪੀ ਦੇ ਨਾਵਲ ਧਰਤ ਵਿਹੂਣੇ ਉੱਤੇ ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ


ਸਹੀਦ ਭਗਤ ਸਿੰਘ ਨਗਰ ਲੋਕ ਬਾਣੀ – ਦੋਆਬਾ ਸਾਹਿਤ ਸਭਾ ਨਵਾਂਸ਼ਹਿਰ ਵਲੋਂ ਦੋਆਬਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਸੁਖਵਿੰਦਰ ਪੱਪੀ ਦੇ ਨਾਵਲ 'ਧਰਤ ਵਿਹੂਣੇ ' ਉੱਤੇ ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਪ੍ਰੋ.ਸੰਧੂ ਵਰਿਆਣਵੀ, ਦਰਸ਼ਨ ਸਿੰਘ ਖੱਟਕੜ,ਪ੍ਰੋ.ਬਲਵਿੰਦਰ ਸਿੰਘ ਚਹਿਲ, ਨਵਤੇਜ ਗੜ੍ਹਦੀਵਾਲਾ ਅਤੇ ਬਲਵਿੰਦਰ ਸਿੰਘ ਗਰੇਵਾਲ ਨੇ ਕੀਤੀ।ਮੁਕੇਸ਼ ਮਲੌਦ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਸਨ।ਨਾਵਲ ਉੱਤੇ ਆਲੋਚਨਾਤਮਕ ਪਰਚਾ ਪੜ੍ਹਦੇ ਹੋਏ ਪ੍ਰੋ.ਬਲਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਸੁਖਵਿੰਦਰ ਪੱਪੀ ਦਾ ਇਹ ਨਾਵਲ ਕਈ ਪੱਖਾਂ ਤੋਂ ਨਿਵੇਕਲਾ ਹੈ ਜਿਸਦੀ ਮੁੱਖ ਪਾਤਰਾਂ ਵੀਰਾਂ ਪਿੱਤਰ ਸੱਤਾ ਦੇ ਵਿਰੁੱਧ, ਦਲਿਤ ਔਰਤ ਦੇ ਸਵੈਮਾਣ ਅਤੇ ਜਮੀਨ ਦੇ ਹੱਕ ਦੀ ਲੜਾਈ ਲੜਦੀ ਹੈ।ਵੀਰਾਂ ਆਪਣਾ ਨਾਇਕਵਾਦ ਖੁਦ ਸਿਰਜਦੀ ਹੈ।ਇਸ ਨਾਵਲ ਦੇ ਦੂਜੇ ਪਾਤਰ ਸੰਦੀਪ ਸੰਧੂ ਅਤੇ ਬੀਰੂ ਸੰਜੀਵ ਪਾਤਰ ਹਨ।ਦਰਸ਼ਨ ਸਿੰਘ ਖੱਟਕੜ, ਪ੍ਰੋ.ਬਲਵਿੰਦਰ ਸਿੰਘ ਗਰੇਵਾਲ, ਨਵਤੇਜ ਗੜ੍ਹਦੀਵਾਲਾ,ਪ੍ਰੋ.ਭਜਨ ਸਿੰਘ ਗਿੱਲ,ਪ੍ਰੋ.ਸੰਧੂ ਵਰਿਆਣਵੀ ਅਤੇ ਡਾਕਟਰ ਕੇਵਲ ਰਾਮ ਨਵਾਂਸ਼ਹਿਰ ਨੇ ਕਿਹਾ ਕਿ ਨਾਵਲ ਜਮੀਨੀ ਸੰਘਰਸ਼ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਇਹ




ਬੇਜਮੀਨੇ ਦਲਿਤਾਂ ਦੀ ਹੋਂਦ ਦਰਸਾਉਣ ਦੀ ਬਾਤ ਵੀ ਪਾਉਂਦਾ ਹੈ।ਨਾਵਲ ਵਿਚ ਬੀਰੂ ਪਾਤਰ ਰਾਹੀਂ ਪੰਜਾਬ ਦੇ ਕਿਰਤੀ ਦੀ ਰੂਹ ਬੋਲਦੀ ਹੈ ਅਤੇ ਇਹ ਅਜੀਮ ਪਾਤਰ ਹੈ।ਬੂਟਾ ਸਿੰਘ ਮਹਿਮੂਦ ਪੁਰ,ਦਲਜੀਤ ਸਿੰਘ ਐਡਵੋਕੇਟ ਅਤੇ ਮੁਕੇਸ਼ ਮਲੌਦ ਨੇ ਕਿਹਾ ਕਿ ਵੀਰਾਂ ਨਵੇਂ ਕਿਸਮ ਦੇ ਮਨੁੱਖ ਦੀ ਸਿਰਜਣਾ ਹੈ।ਨਾਵਲ ਦੀ ਪਾਤਰ ਉਸਾਰੀ ਯਥਾਰਥਕ ਹੈ।ਨਾਵਲਕਾਰ ਕਵੀ ਵੀ ਹੈ ਇਸ ਲਈ ਉਸਦੇ ਇਸ ਨਾਵਲ ਵਿਚੋਂ ਕਵਿਤਾਮਈ ਸ਼ੈਲੀ ਦਾ ਝਲਕਾਰਾ ਵੀ ਪੈਂਦਾ ਹੈ।ਨਾਵਲਕਾਰ ਨੇ ਜਮੀਨ ਦੇ ਸਵਾਲ ਅਤੇ ਸੰਘਰਸ਼ ਨੂੰ ਉਭਾਰਿਆ ਹੈ।ਨਾਵਲਕਾਰ ਸੁਖਵਿੰਦਰ ਪੱਪੀ ਨੇ ਇਹ ਨਾਵਲ ਸਦੀਆਂ ਤੋਂ ਔਰਤ ਮੁਕਤੀ, ਜਮੀਨ ਦੀ ਲੜਾਈ ,ਜਾਤੀ ਦਾਬੇ ਵਿਰੁੱਧ ਚੱਲਦੇ ਆਏ ਸੰਘਰਸ਼ਾਂ ਅਤੇ ਔਰਤ ਦੇ ਸਵੈਮਾਣ ਦੇ ਘੋਲਾਂ ਦੇ ਵਰਨਣ ਅਤੇ ਦਿਸ਼ਾ ਦੀ ਲਗਾਤਾਰਤਾ ਹੈ।ਉਹਨਾਂ ਕਿਹਾ ਕਿ ਆਪਣੀਆਂ ਜੜ੍ਹਾਂ ਤੋਂ ਦੂਰ ਜਾਕੇ ਅੱਗੇ ਨਹੀਂ ਵਧਿਆ ਜਾ ਸਕਦਾ।ਸਾਨੂੰ ਆਪਣੇ ਨਾਇਕਾਂ ਨੂੰ ਸਾਂਭਣ ਦੀ ਲੋੜ ਹੈ ਨਹੀਂ ਤਾਂ ਸਾਡੇ ਵਿਰੋਧੀ ਸਾਡੇ ਨਾਇਕਾਂ ਨੂੰ ਸਾਂਭ ਲੈਣਗੇ। ਮੰਚ ਸੰਚਾਲਨਾ ਕਹਾਣੀਕਾਰ ਅਜਮੇਰ ਸਿੱਧੂ ਨੇ ਕੀਤੀ।ਕਵੀ ਦਰਬਾਰ ਵਿਚ ਨਵਤੇਜ ਗੜ੍ਹਦੀਵਾਲਾ,ਭੁਪਿੰਦਰ ਸਿੰਘ ਵੜੈਚ ,ਕੁਲਵਿੰਦਰ ਕੁੱਲਾ,ਬਲਵੀਰ ਕੁਮਾਰ,ਹਰੀ ਰਾਮ ਰਸੂਲਪੁਰੀ ਨੇ ਕਵਿਤਾਵਾਂ ਪੜ੍ਹੀਆਂ।ਇਸ ਮੌਕੇ ਨਾਵਲਕਾਰ ਸੁਖਵਿੰਦਰ ਪੱਪੀ ਅਤੇ ਮੁਕੇਸ਼ ਮਲੌਦ ਨੂੰ ਸਨਮਾਨਿਤ ਵੀ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਰਜਿੰਦਰ ਸਿੰਘ ਗਿੱਲ ਨੇ ਧੰਨਵਾਦ ਕੀਤਾ।

# ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਉਪ ਕੁਲਪਤੀ ਡਾਕਟਰ ਐਮ ਐਸ ਕੰਗ ਦੀ ਅਚਾਨਕ ਮੌਤ ਤੇ ਕੀਤਾ ਦੁੱਖ ਦਾ ਪ੍ਰਗਟਾਵਾ

## ਗੁਰਦਾਸਪੁਰ ਦੇ ਵਾਤਾਵਰਨ ਪ੍ਰੇਮੀਆਂ ਤੇ ਬੁਧੀਜੀਵੀਆਂ ਨੇ ਦਿੱਤੀ ਸ਼ਰਧਾਂਜਲੀ







ਗੁਰਦਾਸਪੁਰ ਲੋਕ ਬਾਣੀ-ਨਵਨੀਤ ਕੁਮਾਰ - ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਉਪ ਕੁਲਪਤੀ ਡਾਕਟਰ ਐਮ ਐਸ ਕੰਗ ਦੀ ਅਮਰੀਕਾ ਵਿਖੇ ਹੋਈ ਅਚਾਨਕ ਮੌਤ ਤੇ ਗੁਰਦਾਸਪੁਰ ਸ਼ਹਿਰ ਦੇ ਬੁਧੀਜੀਵੀਆਂ ਨੇ ਸਥਾਨਕ ਰਾਮ ਸਿੰਘ ਦੱਤ ਹਾਲ ਵਿਖੇ ਸ਼ੋਕ ਸਭਾ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਜਮਹੂਰੀ ਅਧਿਕਾਰ ਸਭਾ ਪੰਜਾਬ ਗੁਰਦਾਸਪੁਰ ਦੇ ਪ੍ਰਧਾਨ ਡਾਕਟਰ ਜਗਜੀਵਨ ਲਾਲ ਦੀ ਪ੍ਰਧਾਨਗੀ ਹੇਠ ਇੱਕਠੇ ਹੋਏ ਵਾਤਾਵਰਨ ਪ੍ਰੇਮੀਆਂ ਅਤੇ ਬੁਧੀਜੀਵੀਆਂ ਨੇ ਉਨ੍ਹਾਂ ਦੇ ਪੰਜਾਬ ਦੀ ਖੇਤੀ ਬਾੜੀ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। 2007 ਤੋਂ 2011 ਤੱਕ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਉਪ ਕੁਲਪਤੀ ਰਹੇ ਐਮ ਐਸ ਕੰਗ ਨੇ ਯੂਨੀਵਰਸਿਟੀ ਦੀ ਤਰੱਕੀ ਲਈ ਵੱਡਮੁਲਾ ਯੋਗਦਾਨ ਪਾਇਆ ਹੈ। ਡਾਕਟਰ ਐਮ ਐਸ ਸਵਾਮੀ ਨਾਥਨ , ਡਾਕਟਰ ਗੁਰਦੇਵ ਸਿੰਘ ਖੁਸ਼ ਨਾਲ ਮਿਲ ਕੇ ਪੰਜਾਬ ਦੀ ਕਿਸਾਨੀ ਲਈ ਕਈ ਮਹੱਤਵਪੂਰਨ ਖੋਜ ਕਾਰਜ ਕੀਤੇ। ਪੰਜਾਬ ਦੀ ਕਿਸਾਨੀ ਨੂੰ ਗ਼ਰੀਬੀ ਦੀ ਦਲਦਲ ਵਿਚੋਂ ਬਾਹਰ ਕੱਢਣ ਲਈ ਯਤਨਸ਼ੀਲ ਰਹੇ।ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਪੜ੍ਹਾ ਕੇ ਵੀ ਉਨ੍ਹਾਂ ਦੇ ਦਿਲ ਵਿਚ ਪੰਜਾਬ ਪ੍ਰਤੀ ਗੁਰਦਾਸਪੁਰ ਦੀ ਐਗਰੀਕਲਚਰ ਯੂਨੀਵਰਸਿਟੀ ਨੂੰ ਰਿਜਨਲ ਸੈਂਟਰ ਬਣਾ ਕੇ ਅਨੇਕਾਂ ਪ੍ਰੋਜੈਕਟ ਸ਼ੁਰੂ ਕਰਨ ਦੇ ਯਤਨਾਂ ਨੂੰ ਨਹੀਂ ਭੁਲਾਇਆ ਜਾ ਸਕਦਾ। ਰਾਮ ਸਿੰਘ ਦੱਤ ਯਾਦਗਾਰ ਹਾਲ ਕਮੇਟੀ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਰਿਆੜ ਨੇ ਦੱਸਿਆ ਕਿ ਡਾਕਟਰ ਕੰਗ ਦੇ ਪਿਤਾ ਜੀ ਸਰਦਾਰ ਗੁਰਦਿੱਤ ਸਿੰਘ ਕੰਗ ਨੇ ਇਨਕਮ ਟੈਕਸ ਦੇ ਉਘੇ ਵਕੀਲ ਅਤੇ ਲੇਖਕ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿੱਧ ਰਚਨਾ ਜ਼ਫ਼ਰਨਾਮਾ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਉਨ੍ਹਾਂ ਨੇ ਆਪਣੀ ਸਾਰੀ ਜਾਇਦਾਦ ਖਮਾਣੋਂ ਵਿਖੇ ਨਰਸਿੰਗ ਕਾਲਜ ਦੀ ਦਾਨ ਕਰ ਦਿੱਤੀ। ਲੋੜਵੰਦ ਖੋਜ ਅਰਥੀ ਵਿਦਿਆਰਥੀਆਂ ਆਪਣੇ ਵਿੱਤੀ ਸਾਧਨਾਂ ਵਿਚੋਂ ਵਜ਼ੀਫ਼ੇ ਦਾ ਪ੍ਰਬੰਧ ਕੀਤਾ। ਦਿੱਲੀ ਵਿਖੇ ਕਿਰਸਾਨੀ ਅੰਦੋਲਨ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਜੈਨੇਟਿਕ ਵਿਗਿਆਨ ਅਤੇ ਖੇਤੀ ਬਾੜੀ ਦੇ ਹੋਰ ਖੇਤਰ ਨਾਲ ਸਬੰਧਤ ਉਨ੍ਹਾਂ ਦੇ ਖੋਜ ਨਿਬੰਧ ਅਕਸਰ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਸਨ। 76 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦੇਹਾਂਤ ਹੋਣ ਨਾਲ ਪੰਜਾਬ ਦੀ ਕਿਸਾਨੀ ਲਹਿਰ ਨੂੰ ਹੀ ਨਹੀਂ ਬਲਕਿ ਸਮੁੱਚੇ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅੱਜ ਦੀ ਸ਼ੋਕ ਸਭਾ ਵਿਚ ਹੋਰਨਾਂ ਤੋਂ ਇਲਾਵਾ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰੈੱਸ ਸਕੱਤਰ ਅਮਰਜੀਤ ਸ਼ਾਸਤਰੀ , ਅਸ਼ਵਨੀ ਕੁਮਾਰ ਜਨਰਲ ਸਕੱਤਰ, ਕਾਮਰੇਡ ਅਵਤਾਰ ਸਿੰਘ ਵਿੱਤ ਸਕੱਤਰ , ਨਾਮਵਰ ਲੇਖਕ ਸੁਭਾਸ਼ ਦੀਵਾਨਾ, ਪਰਵਿੰਦਰ ਰੰਧਾਵਾ, ਦੌਲਤ ਸਿੰਘ, ਪ੍ਰਿੰਸੀਪਲ ਅਮਰਜੀਤ ਸਿੰਘ ਮਨੀ ਬਲਵੀਰ ਸਿੰਘ ਸਿੰਘ ਕਤੋਵਾਲ ਗੁਰਦੀਪ ਸਿੰਘ ਕਤੋਵਾਲ, ਜਸਵੰਤ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਮਾਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 301ਸਾਲਾ ਜਨਮ ਦਿਨ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ



ਸ੍ਰੀ ਮੁਕਤਸਰ ਸਾਹਿਬ - ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਰਜਿ: ਸ੍ਰੀ ਮੁਕਤਸਰ ਸਾਹਿਬ ਵੱਲੋਂ 301 ਸਾਲਾਂ ਜਨਮ ਦਿਹਾੜਾ ਬਾਬਾ ਵਿਸ਼ਵਕਰਮਾ ਭਵਨ ਨੇੜੇ ਗੇਟ ਨੰਬਰ 7 ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਇਸ ਧਾਰਮਿਕ ਸਮਾਗਮ ਵਿੱਚ ਸੁਖਮਨੀ ਸਾਹਿਬ ਪਾਠ ਦੇ ਭੋਗ ਉਪਰੰਤ ਭਾਈ ਤੇਜਿੰਦਰ ਸਿੰਘ ਦੇ ਰਾਗੀ ਜੱਥੇ ਵਲੋਂ ਨਿਰੋਲ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕੀਤਾ ਗਿਆ। ਭਾਈ ਜਗਬੀਰ ਸਿੰਘ ਕਥਾ ਵਾਚਕ ਦਰਬਾਰ ਸਹਿਬ ਵੱਲੋਂ ਭਾਈ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਗੁਰੂ ਮਹਿਮਾ ਸੁਣਾਈ। ਇਹ ਸਮਾਗਮ ਸਮੁੱਚੇ ਰਾਮਗੜ੍ਹੀਆ ਭਾਈਚਾਰੇ ਦੇ ਸਹਿਯੋਗ ਨਾਲ ਮਹਾਰਾਜਾ ਜੱਸਾਂ ਸਿੰਘ ਰਾਮਗੜ੍ਹੀਆ ਵੈੱਲਫੇਅਰ ਸੁਸਾਇਟੀ ਰਜਿ: ਅਤੇ ਦੋਨੋ ਵਿਸ਼ਵਕਰਮਾ ਭਵਨਾ ਦੇ ਸਹਿਯੋਗ ਨਾਲ ਮਨਾਇਆ ਗਿਆ ਇਸ ਮੌਕੇ ਪ੍ਰਧਾਨ ਸ਼ਵਿੰਦਰ ਸਿੰਘ ,ਜਰਨਲ ਸਕੱਤਰ ਜਸਵਿੰਦਰ ਸਿੰਘ ,ਸਕੱਤਰ ਗੁਰਪਾਲ ਸਿੰਘ ਪਾਲੀ ,ਰਣਜੀਤ ਸਿੰਘ ਰਾਣਾ ਬੇਟਾ ਕਸ਼ਮੀਰ ਸਿੰਘ,ਗੁਰਦੀਪ ਸਿੰਘ ਕਲਸੀ ,ਅਵਤਾਰ ਸਿੰਘ ਕਲਸੀ,ਜਗਜੀਤ ਸਿੰਘ ਖ਼ਾਲਸਾ,ਜਗਸੀਰ ਸਿੰਘ ਇੰਸਪੈਕਟਰ , ਗੁਰਮੰਗਤ ਸਿੰਘ, ਪਰਮਜੀਤ ਸਿੰਘ ਪੰਮਾ ਠੇਕੇਦਾਰ ਸੁਖਜਿੰਦਰ ਸਿੰਘ ਗੋਲਾਂ ਠੇਕੇਦਾਰ,ਸੁਖਦੇਵ ਸਿੰਘ ਰਾਮਗੜ੍ਹੀਆ ਠੇਕੇਦਾਰ ,ਸੁਖਦੇਵ ਸਿੰਘ ਦੇਵ ਠੇਕੇਦਾਰ, ਖਜਾਨਚੀ ਸੁਰਜੀਤ ਸਿੰਘ ਧਿਮਾਨ, ਡਿਪਟੀ ਚੀਫ਼ ਤਾਰਾ ਸਿੰਘ,ਮਲਕੀਤ ਸਿੰਘ ਪੈਂਕ, ਦਲਜੀਤ ਸਿੰਘ ਵਿਰਦੀ, ਦਲਬੀਰ ਸਿੰਘ ਅਕਾਲਗੜ੍ਹ, ਗੁਰਮੰਗਤ ਸਿੰਘ,ਮਾਸਟਰ ਮਹਿੰਦਰ ਸਿੰਘ, ਗੁਰਮੀਤ ਸਿੰਘ ਠੇਕੇਦਾਰ, ,ਗੁਰਮੇਲ ਸਿੰਘ ਰਾਮਾਂ , ਹਰਭਜਨ ਸਿੰਘ ਕਲਸੀ, ?ਬੇਅੰਤ ਸਿੰਘ, ਰਾਜਿੰਦਰ ਸਿੰਘ ਜਿੰਦਰ, ਬਲਵਿੰਦਰ ਸਿੰਘ ਠੇਕੇਦਾਰ , ਜਸਵੀਰ ਸਿੰਘ ਠੇਕੇਦਾਰ, ਨਿਸ਼ਾਨ ਸਿੰਘ ਠੇਕੇਦਾਰ, ਹਰਮਿੰਦਰ ਸਿੰਘ ਗੱਬੀ, ਗੁਰਵਿੰਦਰ ਸਿੰਘ ਗੋਲਡੀ, ਸਹਿਬ ਸਿੰਘ , ਬੂਟਾ ਸਿੰਘ ਜਗਦੇਵ, ਸਤਨਾਮ ਸਿੰਘ, ਕਰਮਜੀਤ ਸਿੰਘ ਜੇ.ਈ., ਅਵਤਾਰ ਸਿੰਘ ਦੋਦਾ, ਚਮਕੌਰ ਸਿੰਘ ਉਦੇਕਰਣ, ਗੁਰਦੇਵ ਸਿੰਘ ਸੱਗੂ, ਜਗਮੀਤ ਜੋਨੀ , ਸੂਬਾ ਸਿੰਘ, ਸੁਖਵਿੰਦਰ ਸਿੰਘ, ਬਲਜੀਤ ਸਿੰਘ ਬੱਬੀ ,ਸਵਰਨ ਸਿੰਘ ਬਰਗਾੜੀ,ਰਜਿੰਦਰ ਸਿੰਘ ਸੋਹਣੇ ਵਾਲਾ,ਸਤਵਿੰਦਰ ਸਿੰਘ, ਗੁਰਮੇਲ ਸਿੰਘ, ਸੁਖਪਾਲ ਸਿੰਘ ਰੱਤੇਵਾਲਾ, ਸੁਖਬੀਰ ਸਿੰਘ ਗ੍ਰੰਥੀ, ਗੁਰਪ੍ਰੀਤ ਸਿੰਘ ਗ੍ਰੰਥੀ ਸਿੰਘ ਅਤੇ ਹੋਰ ਮੈਂਬਰ ਮੌਜੂਦ ਸਨ

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਕਿਸਾਨ ਵੀਰ ਕਣਕ ਦੇ ਨਾੜ ਨੂੰ ਅੱਗ ਲਾਉਣ ਤੋਂ ਪਰਹੇਜ਼ ਕਰਨ : ਸੰਧੂ

**ਸ੍ਰੀ ਮੁਕਤਸਰ ਸਾਹਿਬ** – ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈਲਫੇਅਰ ਸੋਸਾਇਟੀ (ਰਜਿ.) ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ ਨੇ ਕਿਸਾਨ ਵੀਰਾਂ ਨੂੰ ਕਣਕ ਵੱਢਣ ਤੋਂ ਬਾਦ ਕਣਕ ਦੀ ਨਾੜ ਨੂੰ ਅੱਗ ਨਾ ਲਗਾਉਣ ਲਈ ਕਿਹਾ। ਉਹਨਾਂ ਆਖਿਆ ਕਿ ਬੇਸ਼ੱਕ ਪਹਿਲਾਂ ਨਾਲੋਂ ਕਣਕ ਦੀ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀ ਰੁਝਾਨ ਬਹੁਤ ਘੱਟ ਚੁੱਕਾ ਹੈ ਫਿਰ ਵੀ ਕਈ ਥਾਵਾਂ ਤੇ ਦੇਖਿਆ ਜਾਂਦਾ ਹੈ ਕਿ ਅੱਗ ਲਾਉਣ ਤੋਂ ਬਾਅਦ ਸੜਕ ਜਾਂ ਪਹੀਆਂ ਦੇ ਕੰਢਿਆਂ ਤੇ ਖੜੇ ਜੰਗਲਾਤ ਵਿਭਾਗ ਅਤੇ ਕਿਸਾਨਾਂ ਦੇ ਆਪਣੇ ਖੇਤਾਂ ਵਿੱਚ ਖੜੇ ਦਰਖਤ ਤੇ ਪੰਛੀਆਂ ਦੇ ਆਲ੍ਹਣੇ ਬੁਰੀ ਤਰ੍ਹਾਂ ਝੁਲਸ ਜਾਂਦੇ ਹਨ। ਉਹਨਾਂ ਆਖਿਆ ਕਿ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਵਾਤਾਵਰਨ ਦੀ ਵਧ ਰਹੀ ਸਮੱਸਿਆ ਅਤੇ ਅਨੇਕਾਂ ਮਾਰੂ ਰੋਗ ਦਰਖਤਾਂ ਦੇ ਘਟਣ ਕਾਰਨ ਮਨੁੱਖੀ ਜੀਵਨ ਨੂੰ ਆਪਣੇ ਕਲਾਵੇ ਵਿੱਚ ਲੈ ਰਹੇ ਹਨ। ਇਸ ਦੇ ਨਾਲ ਹੀ ਉਹਨਾਂ ਨੇ ਫੈਕਟਰੀਆਂ ਅਤੇ ਕਾਰਖਾਨਿਆਂ ਦੇ ਮਾਲਕਾਂ ਨੂੰ ਚਿਮਨੀਆਂ ਵਿੱਚੋਂ ਨਿਕਲਣ ਵਾਲੇ ਮਾਰੂ ਧੂੰਏ ਦੇ ਬਦਲ ਲਈ ਢੁਕਵੇਂ ਪ੍ਰਬੰਧ ਕਰਨ ਦੀ ਅਪੀਲ ਕੀਤੀ।



# ਚੋਣ ਅਮਲੇ ਨੂੰ ਦਿੱਤੀ ਗਈ ਸਿਖਲਾਈ, ਗਰਮੀ ਦੇ ਪ੍ਰਭਾਵ ਤੋਂ ਬਚਾਓ ਸਬੰਧੀ ਮੁਢਲੀ ਸਹਾਇਤਾ ਸਬੰਧੀ ਵੀ ਦਿੱਤੀ ਗਈ ਜਾਣਕਾਰੀ



**ਸ੍ਰੀ ਮੁਕਤਸਰ ਸਾਹਿਬ,** ਲੋਕ ਸਭਾ ਚੋਣਾਂ ਦੇ ਮੱਦੇ ਨਜ਼ਰ ਚੋਣ ਅਮਲੇ ਨੂੰ ਅੱਜ ਵੱਖ–ਵੱਖ ਥਾਵਾਂ ਤੇ ਸਿਖਲਾਈ ਦਿੱਤੀ ਗਈ। ਇਸੇ ਲੜੀ ਤਹਿਤ ਵਿਧਾਨ ਸਭਾ ਲੰਬੀ ਅਧੀਨ ਜਿਨਾਂ ਕਰਮਚਾਰੀਆਂ ਦੀ ਡਿਊਟੀ ਲੱਗੀ ਸੀ ਉਹਨਾਂ ਨੂੰ ਮਿਮਿਟ ਮਲੋਟ ਵਿਖੇ ਸਿਖਲਾਈ ਦਿੱਤੀ ਗਈ। ਇਹ ਜਾਣਕਾਰੀ ਲੰਬੀ ਦੇ ਸਹਾਇਕ ਰਿਟਰਨਿੰਗ ਅਫਸਰ ਕਮ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ ਨਯਨ ਨੇ ਦਿੱਤੀ। ਉਹਨਾਂ ਨੇ ਦੱਸਿਆ ਕਿ ਇੱਥੇ ਕਰਮਚਾਰੀਆਂ ਨੂੰ ਚੋਣ ਪ੍ਰਕਿਰਿਆ ਸਬੰਧੀ ਸਿਖਲਾਈ ਦੇਣ ਦੇ ਨਾਲ ਨਾਲ ਗਰਮੀ ਦੇ ਮੌਸਮ ਦੇ ਮੱਦੇ ਨਜ਼ਰ ਗਰਮੀ ਦੇ ਦੁਸ਼ ਪ੍ਰਭਾਵ ਪ੍ਰਗਟ ਹੋਣ ਤੇ ਵਿਅਕਤੀ ਨੂੰ ਦਿੱਤੀ ਜਾਣ ਵਾਲੀ ਮੁਢਲੀ ਸਹਾਇਤਾ ਸਬੰਧੀ ਵੀ ਸਿਖਲਾਈ ਦਿੱਤੀ ਗਈ। ਇਸ ਤੋਂ ਬਿਨਾਂ ਇੱਥੇ ਕਰਮਚਾਰੀਆਂ ਨੂੰ ਪੋਸਟਰ ਬੈਲਟ ਪੇਪਰ ਰਾਹੀਂ ਆਪਣਾ ਮਤਦਾਨ ਜਰੂਰ ਕਰਨ ਲਈ ਵੀ ਪਰੇਰਿਤ ਕੀਤਾ ਗਿਆ ਅਤੇ ਸੈਲਫੀ ਪੁਆਇੰਟ ਵੀ ਬਣਾਏ ਗਏ ਸਨ। ਉਹਨਾਂ ਨੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜਿੱਥੇ ਚੋਣ ਅਮਲੇ ਦੀ ਹਿੱਤਾਂ ਦਾ ਖਿਆਲ ਰੱਖਿਆ ਜਾ ਰਿਹਾ ਹੈ ਉੱਥੇ ਹੀ ਗਰਮੀ ਤੇ ਪ੍ਰਭਾਵਾਂ ਦੇ ਮੱਦੇ ਨਜ਼ਰ ਸਾਰੀਆਂ ਚੋਣ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

# ਸੜਕ ਹਾਦਸੇ ‘ਚ ਪੰਡਤ ਸਮੇਤ 2 ਦੀ ਮੌਤ, ਤੇਜ਼ ਰਫ਼ਤਾਰ ਕਾਰ ਨੇ ਮਾਰੀ ਮੋਟਰਸਾਈਕਲ ਨੂੰ ਟੱਕਰ



ਅਬੋਹਰ : ਅਬੋਹਰ ਸਬ–ਡਵੀਜ਼ਨ ਦੇ ਪਿੰਡ ਕਿੱਲਿਆਂਵਾਲੀ ਦੇ ਰਹਿਣ ਵਾਲੇ ਪੰਡਿਤ ਸਮੇਤ ਦੋ ਵਿਅਕਤੀਆਂ ਦੀ ਸੜਕ ਹਾਦਸੇ ‘ਚ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸਦਰ ਦੀ ਪੁਲਿਸ ਨੇ ਮੌਕੇ ‘ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਦੋਵਾਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ‘ਚ ਰਖਵਾਇਆ ਗਿਆ ਹੈ। ਇਨ੍ਹਾਂ ਦੀ ਪਛਾਣ ਰਮੇਸ਼ ਸ਼ਰਮਾ ਵਾਸੀ ਪਿੰਡ ਕਿੱਲਿਆਂਵਾਲੀ ਅਤੇ ਜਗਨੰਦਨ ਪੁੱਤਰ ਦਲ ਸਿੰਘ ਵਾਸੀ ਪਿੰਡ ਫੁੱਲੂਖੇੜਾ ਵਜੋਂ ਹੋਈ ਹੈ ?

ਜਾਣਕਾਰੀ ਅਨੁਸਾਰ ਪਵਨ ਕੁਮਾਰ ਪੁੱਤਰ ਰਮੇਸ਼ ਸ਼ਰਮਾ ਵਾਸੀ ਪਿੰਡ ਕਿੱਲਿਆਂਵਾਲੀ ਪੰਡਿਤ ਵਜੋਂ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਰਮੇਸ਼ ਸ਼ਰਮਾ ਸਵੇਰੇ 8 ਵਜੇ ਸਕੂਟਰ ‘ਤੇ ਘਰੋਂ ਨਿਕਲੇ ਸੀ। ਰਾਤ ਕਰੀਬ 10 ਵਜੇ ਉਨ੍ਹਾਂ ਨੂੰ ਇਸ ਘਟਨਾ ਦੀ ਜਾਣਕਾਰੀ ਸਰਕਾਰੀ ਹਸਪਤਾਲ ਪਹੁੰਚੇ ਮ੍ਰਿਤਕ ਜਗਨੰਦਨ ਪੱਪੀ ਦੇ ਪੁੱਤਰ ਰੁਪਿੰਦਰ ਨੇ ਦਿੱਤੀ। ਉਸ ਨੇ ਦੱਸਿਆ ਕਿ ਉਹ ਆਪਣੇ ਨਵੇਂ ਮਕਾਨ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਉਣ ਲਈ ਉਸ ਦੇ ਪਿਤਾ ਪੰਡਿਤ ਰਮੇਸ਼ ਸ਼ਰਮਾ ਨੂੰ ਲੈ ਗਿਆ ਸੀ।

ਵਾਸਤੂ ਸ਼ਾਸਤਰ ਅਨੁਸਾਰ ਨੀਂਹ ਪੱਥਰ ਰੱਖਿਆ ਗਿਆ। ਜਦੋਂ ਰਮੇਸ਼ ਸ਼ਰਮਾ ਤੇ ਜਗਨੰਦਨ ਪੱਪੀ ਸੀਤੋ ਰੋਡ ‘ਤੇ ਰੇਵਨਵੁੱਡ ਇੰਟਰਨੈਸ਼ਨਲ ਸਕੂਲ ਸਾਹਮਣੇ ਪਹੁੰਚੇ ਤਾਂ ਸਾਹਮਣਿਓਂ ਆ ਰਹੀ ਇਕ ਤੇਜ਼ ਰਫ਼ਤਾਰ ਕਾਰ ਨੇ ਬਾਈਕ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ ਜਿਸ ਕਾਰਨ ਉਹ ਦੋਵੇਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਘਟਨਾ ਦੀ ਸੂਚਨਾ ਮਿਲਦੇ ਹੀ ਰੋਡ ਸੇਫਟੀ ਫੋਰਸ ਦੇ ਏਐਸਆਈ ਕਾਂਸ਼ੀ ਰਾਮ ਨੇ ਦੋਵਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਪਹੁੰਚਾਇਆ। ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਪੁਲਿਸ ਨੇ ਸ਼ਨਾਖਤੀ ਕਾਰਡ ਦੇ ਆਧਾਰ ‘ਤੇ ਪਛਾਣ ਕੀਤੀ। ਪਵਨ ਕੁਮਾਰ ਨੇ ਸਰਕਾਰੀ ਹਸਪਤਾਲ ਪਹੁੰਚ ਕੇ ਉਸ ਦੇ ਪਿਤਾ ਦੀ ਪਛਾਣ ਕੀਤੀ। ਇਸ ਘਟਨਾ ਤੋਂ ਬਾਅਦ ਪਿੰਡ ਕਿੱਲਿਆਂਵਾਲੀ ਤੇ ਫੁੱਲੂਖੇੜਾ ‘ਚ ਸੋਗ ਦੀ ਲਹਿਰ ਦੌੜ ਗਈ। ਪੁਲਿਸ ਨੇ ਦੋਵੇਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਮੋਰਚਰੀ ‘ਚ ਰਖਵਾ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਪ੍ਰੋਗਰਾਮ,ਵਾਤਾਵਰਣ ਸੰਭਾਲ ਸਬੰਧੀ ਦਿਤੀ ਜਾਣਕਾਰੀ

ਬੀਜਾਂ, -ਵਣ ਰੇਂਜ ਅਫ਼ਸਰ ਵਿਸਥਾਰ ਰੇਂਜ ਲੁਧਿਆਣਾ ਸ੍ਰ ਸ਼ਮਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਤਾਵਰਣ ਸੰਭਾਲ ਸਬੰਧੀ ਜਾਗਰੂਕ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਜਾ (ਲੁਧਿਆਣਾ) ਵਿਖੇ ਵਾਤਾਵਰਣ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਦੌਰਾਨ ਵਿਸਥਾਰ ਰੇਂਜ ਲੁਧਿਆਣਾ ਦੇ ਫੀਲਡ ਸਟਾਫ ਵੱਲੋਂ ਵੱਖ-ਵੱਖ ਗਤੀਵਿਧੀਆਂ ਦੁਆਰਾ ਵਿਦਿਆਰਥੀਆਂ ਨੂੰ ਵਾਤਾਵਰਣ ਸੰਭਾਲ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਦਿਆਰਥੀਆਂ ਦੇ ਵਾਤਾਵਰਣ ਪ੍ਰਦੂਸਣ ਵਿਸ਼ੇ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਵਿਦਿਆਰਥੀਆਂ ਨੂੰ



ਆਪਣੇ ਮਾਪਿਆਂ ਨੂੰ ਖੇਤਾਂ ਵਿਚ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਵੀ ਜਾਗਰੂਕ ਕੀਤਾ ਗਿਆ ਤਾਂ ਜ਼ੋ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਬਚਿਆ ਜਾ ਸਕੇ। ਅਤੇ ਵਾਤਾਵਰਣ ਨੂੰ ਸਾਫ ਰੱਖਣ ਦਾ ਸੁਨੇਹਾ ਦਿੱਤਾ ਗਿਆ । ਜਾਗਰੂਕਤਾ ਕੈਂਪ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ, ਕੈਲੰਡਰ ਅਤੇ ਵਿਭਾਗੀ ਲਿਟਰੇਚਰ ਵੀ ਵੰਡਿਆ ਗਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਡਾ ਚਰਨਜੀਤ ਸਿੰਘ ਜੀ ਜਲਾਜਣ, ਸ੍ਰੀ ਸੁਖਵਿੰਦਰ ਸਿੰਘ ਮੈਥ ਮਾਸਟਰ,ਸ੍ਰੀ ਸਤਵਿੰਦਰ ਸਿੰਘ ਐਸ ਐਸ,ਮਾਸਟਰ,ਸ੍ਰੀ ਗੁਰਦੀਪ ਡੀ.ਪੀ ਮਾਸਟਰ,ਸ੍ਰੀਮਤੀ ਮਨਦੀਪ ਕੌਰ ਦੋਰਾਹਾ ਪੰਜਾਬੀ ਮਿਸਟ੍ਰੈਸ, ਸ੍ਰੀਮਤੀ ਮਨਦੀਪ ਕੌਰ ਬੀਜਾ ਪੰਜਾਬੀ ਮਿਸਟ੍ਰੈਸ,ਸ੍ਰੀਮਤੀ ਲਵਲੀ ਸੱਭਰਵਾਲ ਲੈਕਚਰਾਰ ਰਾਜਨੀਤੀ ਸ਼ਾਸਤਰ,ਸ੍ਰੀਮਤੀ ਰਜਨੀ ਬਾਲਾ ਹਿੰਦੀ ਮਿਸਟ੍ਰੈਸ ਅਤੇ ਵਣ ਬੀਟ ਇੰਚਾਰਜ ਸਮਰਾਲਾ ਕੁਲਦੀਪ ਸਿੰਘ ਅੱਤਰੀ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਡਾ. ਬੀ. ਆਰ. ਅੰਬੇਡਕਰ ਜੀ ਦੇ 133ਵੇ ਜਨਮ ਦਿਵਸ ਅਤੇ ਮਜਦੂਰ ਦਿਵਸ ਨੂੰ ਸਮਰਪਿਤ ਖੋਜੇਵਾਲ ਵਿਖੇ ਵਿਸ਼ਾਲ ਸਮਾਗਮ ਆਯੋਜਿਤ

ਕਪੂਰਥਲਾ, - ਕਰੋੜਾਂ ਲੋਕਾਂ ਦੇ ਮਸੀਹਾ ਅਤੇ ਨਾਰੀ ਜਾਤੀ ਦੇ ਮੁਕਤੀਦਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ 133ਵਾਂ ਜਨਮ ਦਿਵਸ ਅਤੇ ਮਜਦੂਰ ਦਿਵਸ ਨੂੰ ਸਮਰਪਿਤ ਵਿਸ਼ਾਲ ਸਮਾਗਮ ਡਾ. ਬੀ. ਆਰ. ਅੰਬੇਡਕਰ ਵੈਲਫੇਅਰ ਸੋਸਾਇਟੀ ਪਿੰਡ ਖੋਜੇਵਾਲ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਦੀ ਪ੍ਰਧਾਨਗੀ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਦੇ ਅਸਿਸਟੈਂਟ ਰਜਿਸਟਰਾਰ ਡਾ. ਸੰਦੀਪ ਮਹਿਮੀ, ਡਾ. ਇੰਦਰਜੀਤ ਕਜਲਾ, ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੋਸਾਇਟੀ ਰਜਿ. ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ, ਜਨਰਲ ਸਕੱਤਰ ਧਰਮ ਪਾਲ ਪੈਂਥਰ ਅਤੇ ਸੋਸਾਇਟੀ ਦੇ ਪ੍ਰਧਾਨ ਜਸਵਿੰਦਰ ਕਰੜਾ ਆਦਿ ਨੇ ਸਾਂਝੇ ਤੌਰ ਤੇ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਸ਼੍ਰੀ ਪ੍ਰੇਮ ਕੁਮਾਰ ਧਨਾਲ ਨੇ ਕਰਦੇ ਹੋਏ ਕਾਰਵਾਈ ਨੂੰ ਅੱਗੇ ਵਧਾਇਆ। ਪ੍ਰਧਾਨਗੀ ਮੰਡਲ ਵਲੋਂ ਬਾਬਾ ਸਾਹਿਬ ਦੀ ਫੋਟੋ ਅੱਗੇ ਮੋਮਬੱਤੀਆਂ ਜਗਾਈਆ ਅਤੇ ਫੁੱਲਮਾਲਾ ਅਰਪਿਤ ਕੀਤੇ ਗਏ।



ਸਮਾਗਮ ਦੇ ਮੁੱਖ ਬੁਲਾਰੇ ਡਾ. ਸੰਦੀਪ ਮਹਿਮੀ ਨੇ ਸਭ ਨੂੰ ਜਨਮ ਦਿਵਸ ਅਤੇ ਮਜਦੂਰ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਬਾਬਾ ਸਾਹਿਬ ਨੇ ਸਦੀਆਂ ਤੋਂ ਦੱਬੇ ਕੁੱਚਲੇ ਸਮਾਜ ਨੂੰ ਉੱਚਾ ਚੁੱਕਣ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ ਅਤੇ ਲੋਕਾਂ ਨੂੰ ਮਨ ਸਨਮਾਨ ਦੀ ਜ਼ਿੰਦਗੀ ਜਿਉਣ ਦਾ ਮੌਕਾ ਮਿਲਿਆ। ਮਜਦੂਰ ਦਿਵਸ ਦੇ ਸੰਬੰਧ ਵਿਚ ਬੋਲਦਿਆਂ ਕਿਹਾ ਕਿ ਭਾਰਤ ਦੇਸ਼ ਵਿੱਚ ਮਜਦੂਰਾਂ ਤੋਂ 14 -16 ਘੰਟੇ ਕੰਮ ਲਿਆ ਜਾਂਦਾ ਸੀ ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਮੁੰਬਈ ਦੇ ਵਾਇਸਰਾਏ ਕਮੇਟੀ ਦੇ ਮੈਂਬਰ ਬਣੇ ਤਾਂ ਉਨ੍ਹਾਂ ਨੇ ਮਜਦੂਰਾਂ ਦੇ ਕੰਮ ਕਰਨ ਦੇ 8 ਘੰਟੇ ਨਿਸ਼ਚਿਤ ਕਰਵਾਏ । ਬਾਬਾ ਸਾਹਿਬ ਨੇ ਭਾਰਤੀ ਸੰਵਿਧਾਨ ਵਿੱਚ ਮਜਦੂਰਾਂ ਲਈ ਬਹੁਤ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ। ਉਨ੍ਹਾਂ ਦੇ ਦੱਸਿਆ ਕਿ ਭਾਰਤੀ ਸੰਵਿਧਾਨ ਕਿਸ ਤਰ੍ਹਾਂ ਹੋਂਦ ਵਿੱਚ ਆਇਆ ਇਹ ਵੀ ਜਾਨਣਾ ਹੋਵੇਗਾ। ਭਾਰਤੀ ਸੰਵਿਧਾਨ ਨੂੰ ਪੇਸ਼ ਕਰਨ ਉਪਰੰਤ 26 ਨਵੰਬਰ 1949 ਨੂੰ ਦੇਸ਼ ਦੀ ਪਾਰਲੀਮੈਂਟ ਵਿੱਚ ਜੋ ਇਤਿਹਾਸਿਕ ਭਾਸਣ ਦਿੱਤਾ ਸੀ ਉਸਨੂੰ ਅੱਜ ਦੇ ਸੰਦਰਭ ਵਿੱਚ ਵੀ ਨਕਾਰਿਆ ਨਹੀਂ ਜਾ ਸਕਦਾ। ਭਾਰਤ ਨੂੰ ਗੁਲਾਮ ਬਣਾਉਣ ਲਈ ਪਹਿਲਾਂ ਵੀ ਦੇਸ਼ ਦੇ ਲੋਕਾਂ ਨੇ ਗਦਾਰੀਆਂ ਕੀਤੀਆਂ ਸਨ। ਅਗਰ ਹੁਣ ਵੀ ਲੋਕਾਂ ਨੇ ਦੇਸ਼ ਨਲ ਗਦਾਰੀ ਕੀਤੀ ਤਾਂ ਭਾਰਤ ਮੁੜ ਗੁਲਾਮ ਹੋ ਸਕਦਾ ਹੈ। ਭਾਰਤੀ ਸੰਵਿਧਾਨ ਵਿੱਚ ਲੋਕਤੰਤਰੀ ਵਿਵਸਥਾ ਦੀ ਸਥਾਪਨਾ ਕੀਤੀ ਜਿਸ ਦਾ ਅਰਥ ਇੱਕ ਆਦਮੀ, ਇੱਕ ਵੋਟ ਅਤੇ ਇੱਕ ਕੀਮਤ ਦੇ ਅਧਾਰਿਤ ਹੈ।

ਸਮਾਗਮ ਦੇ ਵਿਸ਼ੇਸ਼ ਮਹਿਮਾਨ ਡਾ. ਇੰਦਰਜੀਤ ਕਜਲਾ ਨੇ ਕਿਹਾ ਕਿ ਭਾਰਤੀ ਸੰਵਿਧਾਨ ਮੌਜਦਾ ਸਮੇਂ ਖਤਰੇ ਵਿੱਚ ਨਹੀਂ ਹੈ ਇਸ ਤੋਂ ਪਹਿਲਾ ਵੀ ਖਤਰੇ ਦੇ ਬਾਦਲ ਮੰਡਰਾਉਂਦੇ ਰਹੇ । ਸਮੇਂ ਸਮੇਂ ਤੇ ਬਣੀਆਂ ਸਰਕਾਰਾਂ ਨੇ ਆਪਣਾ ਸਵਾਰਥ ਸਿੱਧ ਕਰਨ ਲਈ ਹੁਣ ਤਕ ਭਾਰਤੀ ਸੰਵਿਧਾਨ ਵਿੱਚ 106 ਸੋਧਾਂ ਕੀਤੀਆਂ ਜਾ ਚੁਕੀਆਂ ਹਨ । ਭਾਰਤ ਸਰਕਾਰ ਦੇ ਬਜਟ ਵਿੱਚੋਂ ਕਰੋੜਾਂ ਅਰਬਾਂ ਰੁਪਏ ਧਾਰਮਿਕ ਮੰਦਰਾਂ ਲਈ ਦਾਨ ਦਿੱਤੇ ਜਾ ਰਹੇ ਹਨ ਉਹ ਵੀ ਸਿਰਫ ਇੱਕ ਧਰਮ ਨੂੰ । ਕਹਿਣ ਨੂੰ ਤਾਂ ਬੇਸ਼ੱਕ ਧਰਮ ਨਿਰਪੱਖ ਦੇਸ਼ ਕਹਿ ਰਹੇ ਹਾਂ । ਇਸ ਤੋਂ ਇਲਾਵਾ ਕ੍ਰਿਸ਼ਨ ਲਾਲ ਜੱਸਲ, ਧਰਮ ਪਾਲ ਪੈਂਥਰ, ਸੰਵਿਧਾਨ ਜਾਗ੍ਰਤੀ ਮੰਚ ਤੋਂ ਰਾਕੇਸ਼ ਕੁਮਾਰ, ਲਲਿਤ ਅੰਬੇਡਕਰੀ ਅਤੇ ਬੇਟੀ ਸੁਰਤੀ ਨੇ ਸਾਂਝੇ ਤੌਰ ਤੇ ਕਿਹਾ ਕਿ ਸਾਡੇ ਮਹਾਪੁਰਸ਼ਾਂ ਨੇ ਦੇਸ਼ ਵਿਚ ਹਜਾਰਾਂ ਸਾਲਾਂ ਤੋਂ ਚਲੀ ਆ ਰਹੀ ਵਿਵਸਥਾ ਵਿਰੁੱਧ ਲੜਾਈ ਪਰ ਅਸੀਂ ਮਹਾਪੁਰਸ਼ਾਂ ਨੂੰ ਪੜਿਆ ਨਹੀਂ ਜਿਸ ਕਰਕੇ ਸਮਾਜ ਵਿੱਚ ਸਤਾ ਪਰਿਵਰਤਨ ਤਾਂ ਹੋ ਰਹੀ ਹੈ ਪਰ ਵਿਵਸਥਾ ਪਰਿਵਰਤਨ ਨਹੀਂ । ਇਹ ਬਾਬਾ ਸਾਹਿਬ ਜੀ ਦਾ ਕ੍ਰਿਸ਼ਮਾ ਹੀ ਸੀ ਜੋ ਕਿ 4000 ਸਾਲਾਂ ਦੇ ਇਤਿਹਾਸ ਨੂੰ ਮਾਤਰ 40 ਸਾਲਾਂ ਵਿੱਚ ਬਦਲ ਕੇ ਰੱਖ ਦਿੱਤਾ। ਅੱਜ ਥਾਂ ਥਾਂ ਤੇ ਜਾਤੀ ਦੇ ਨਾਂ ਤੇ ਸੰਗਠਨ ਬਣਾਏ ਜਾ ਰਹੇ ਹਾਂ, ਜਾਤੀ ਦੇ ਨਾਂ ਤੇ ਡੇਰੇ ਉਸਾਰ ਕੇ ਆਪਣਾ ਤਾਂ ਫਾਇਦਾ ਕਰ ਸਕਦੇ ਹੋ ਲੇਕਿਨ ਬੇਗ਼ਮਪੁਰਾ ਨਹੀਂ ਵਸਾਇਆ ਜਾ ਸਕਦਾ, ਵਿਵਸਥਾ ਪਰਿਵਰਤਨ ਨਹੀਂ ਕੀਤੀ ਜਾ ਸਕਦੀ। ਵਿਵਸਥਾ ਪਰਿਵਰਤਨ ਲਈ ਸਾਨੂੰ ਮਹਾਪੁਰਸ਼ਾਂ ਦੇ ਦੱਸੇ ਹੋਏ ਮਾਰਗ ਤੇ ਚਲਣਾ ਹੋਵੇਗਾ।

ਆਜ਼ਾਦ ਰੰਗ ਮੰਚ ਕਲਾ ਭਵਨ ਫਗਵਾੜਾ ਵਲੋਂ ਸਮਾਜ ਨੂੰ ਸੇਧ ਦਿੰਦਿਆਂ ਕੋਰੀਓਗ੍ਰਾਫੀ ਅਤੇ ਪ੍ਰਸਿੱਧ ਸਾਹਿਤਕਾਰ ਡਾ. ਐਸ. ਐਲ. ਵਿਰਦੀ ਐਡਵੋਕੇਟ ਦਾ ਲਿਖਿਆ ਨਾਟਕ 'ਗ੍ਰੇਟ ਅੰਬੇਡਕਰ' ਨਿਰਦੇਸ਼ਕ ਬੀਬਾ ਕੁਲਵੰਤ ਦੀ ਦੇਖ ਰੇਖ ਵਿੱਚ ਖੇਡਿਆ ਗਿਆ ਜਿਸ ਦੀ ਸਰੋਤਿਆਂ ਨੇ ਭਰਪੂਰ ਪ੍ਰਸ਼ੰਸ਼ਾ ਕੀਤੀ। ਸਕੂਲੀ ਬੱਚਿਆਂ ਵਲੋਂ ਮਿਸ਼ਨਰੀ ਗੀਤ ਲੈ ਕੇ ਹੱਕ ਬਰਾਬਰ ਦੇ, ਜੇ ਨਾ ਜੰਮਦਾ ਅੰਬੇਡਕਰ ਸੂਰਮਾ 'ਤੇ ਕੋਰੀਓਗ੍ਰਾਫੀ ਪੇਸ਼ ਕਰਕੇ ਦਰਸ਼ਕਾਂ ਨੂੰ ਵਧੀਆ ਸੁਨੇਹਾ ਦੇਣ ਵਿੱਚ ਕਾਮਯਾਬ ਰਹੇ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com